Fair Advice Financial | Carle Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steeles Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 246 | Wednesday, December 15, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਟਰੂਡੋ ਨੇ ਪ੍ਰੀਮੀਅਰਜ਼ ਨਾਲ ਕੀਤੀ ਅਚਨਚੇਤੀ ਮੀਟਿੰਗ

ਓਟਵਾ, 14 ਦਸੰਬਰ (ਪੋਸਟ ਬਿਊਰੋ) : ਤੇਜ਼ੀ ਨਾਲ ਫੈਲ ਰਹੇ ਕੋਵਿਡ-19 ਦੇ ਓਮਾਈਕ੍ਰੌਨ ਵੇਰੀਐਂਟ ਤੇ ਛੁੱਟੀਆਂ ਦੇ ਮੱਦੇਨਜ਼ਰ ਟਰੈਵਲ ਨੂੰ ਲੈ ਕੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੰਗਲਵਾਰ ਸ਼ਾਮ ਨੂੰ ਪ੍ਰੀਮੀਅਰਜ਼ ਦੀ ਮੀਟਿੰਗ ਸੱਦੀ ਗਈ।

ਸਿਹਤ ਮੰਤਰੀ ਜੀਨ ਯਵੇਸ ਡਕਲਸ ਨੇ ਆਖਿਆ ਕਿ ਕੈਨੇਡਾ ਵਿੱਚ ਓਮਾਈਕ੍ਰੌਨ ਵੇਰੀਐਂਟ ਦੇ ਵੱਧ ਰਹੇ ਮਾਮਲਿਆਂ ਤੇ ਟਰੈਵਲ ਸਬੰਧੀ ਕੈਬਨਿਟ ਮੀਟਿੰਗ ਵਿੱਚ ਚਿੰਤਾ ਪ੍ਰਗਟਾਈ ਗਈ ਸੀ। ਉਨ੍ਹਾਂ ਆਖਿਆ ਕਿ ਅਸੀਂ ਸਾਰੇ ਬਦਲ ਖੁੱਲ੍ਹੇ ਰੱਖ ਕੇ ਚੱਲ ਰਹੇ ਹਾਂ ਤੇ ਅਸੀਂ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਕਰਨ ਲਈ ਵੀ ਤਿਆਰ ਹਾਂ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਮੀਟਿੰਗ ਰਾਤੀਂ 9:00 ਵਜੇ ਦੀ ਰੱਖੀ ਗਈ ਸੀ ਤੇ ਹੁਣ ਤੱਕ ਮਿਲੀਆਂ ਰਿਪੋਰਟਾਂ ਮੁਤਾਬਕ ਇਹ ਮੀਟਿੰਗ ਸਮਾਪਤ ਹੋ ਚੁੱਕੀ ਹੈ।

ਫੈਡਰਲ ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਕੋਲੋਂ ਵੀ ਟਰੈਵਲ ਸਬੰਧੀ ਮਾਪਦੰਡਾਂ ਬਾਰੇ ਪੁੱਛਿਆ ਗਿਆ। ਇਹ ਕਿਆਸਅਰਾਈਆਂ ਵੀ ਲਾਈਆਂ ਜਾ ਰਹੀਆਂ ਹਨ ਕਿ ਕੈਨੇਡਾ-ਅਮਰੀਕਾ ਸਰਹੱਦ ਉੱਤੇ ਇੱਕ ਵਾਰੀ ਫਿਰ ਪਾਬੰਦੀਆਂ ਲੱਗ ਸਕਦੀਆਂ ਹਨ ਤੇ ਗੈਰ ਜ਼ਰੂਰੀ ਟਰੈਵਲ ਉੱਤੇ ਵੀ ਪਾਬੰਦੀ ਲਾਈ ਜਾ ਸਕਦੀ ਹੈ। ਓਮਾਈਕ੍ਰੌਨ



ਵੇਰੀਐਂਟ ਦੇ ਸਿਰ ਚੁੱਕਣ ਤੋਂ ਬਾਅਦ 10 ਅਫਰੀਕੀ ਦੇਸ਼ਾਂ ਤੋਂ ਟਰੈਵਲ ਉੱਤੇ ਪਾਬੰਦੀ ਲਾਈ ਜਾ ਚੁੱਕੀ ਹੈ। ਨਵੀਂ ਟੈਸਟਿੰਗ ਤੇ ਸਰਹੱਦ ਉੱਤੇ ਆਈਸੋਲੇਸ਼ਨ ਸਬੰਧੀ ਨਿਯਮ ਲਾਗੂ ਕੀਤੇ ਜਾ ਚੁੱਕੇ ਹਨ।

ਹਾਲਾਂਕਿ ਅਜੇ ਤੱਕ ਇਸ ਮੀਟਿੰਗ ਦੇ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ ਪਰ ਬੁੱਧਵਾਰ ਸਵੇਰੇ ਓਟਵਾ ਤੋਂ ਕੋਈ ਐਲਾਨ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਫੋਰਡ ਸਰਕਾਰ ਨੇ ਮੁੜ ਲਾਂਚ ਕੀਤਾ ਇਮੀਗ੍ਰੈਂਟ ਇਨਵੈਸਟਰ ਪ੍ਰੋਗਰਾਮ

ਟੋਰਾਂਟੋ, 14 ਦਸੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਅਗਲੇ ਦੋ ਸਾਲਾਂ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਰਾਹੀਂ ਪ੍ਰੋਵਿੰਸ ਵਿੱਚ 100 ਇਮੀਗ੍ਰੈਂਟਸ ਨੂੰ ਸਵੀਕਾਰ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਪ੍ਰੋਗਰਾਮ ਤਹਿਤ 200,000 ਡਾਲਰ ਦਾ ਨਿਵੇਸ਼ ਕਰਨ ਵਾਲੇ 100 ਵਿਦੇਸ਼ੀ ਕਾਰੋਬਾਰੀਆਂ ਨੂੰ ਇਮੀਗ੍ਰੇਸ਼ਨ ਲਈ ਅਪਲਾਈ ਕਰਨ ਦੀ ਇਜਾਜ਼ਤ ਹੋਵੇਗੀ।

ਲੇਬਰ ਮੰਤਰੀ ਮੌਂਟੀ ਮੈਕਨੌਟਨ ਨੇ ਆਖਿਆ ਕਿ ਸਰਕਾਰ ਗ੍ਰੇਟਰ ਟੋਰਾਂਟੋ ਏਰੀਆ ਦੇ ਬਾਹਰਵਾਰ ਸਥਿਤ ਓਨਟਾਰੀਓ ਦੀਆਂ ਕਮਿਊਨਿਟੀਜ਼ ਵਿੱਚ ਕੌਮਾਂਤਰੀ ਕਾਰੋਬਾਰੀਆਂ ਨੂੰ ਆਕਰਸ਼ਿਤ ਕਰਨਾ ਚਾਹੁੰਦੀ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਕਾਰੋਬਾਰੀਆਂ ਨੂੰ ਪ੍ਰੋਵਿੰਸ ਦੇ ਇਕਨੌਮਿਕ ਇਮੀਗ੍ਰੇਸ਼ਨ ਪ੍ਰੋਗਰਾਮ ਤਹਿਤ ਨਵਾਂ ਬਿਜ਼ਨਸ ਸ਼ੁਰੂ ਕਰਨ ਜਾਂ



ਓਨਟਾਰੀਓ ਵਿੱਚ ਪਹਿਲਾਂ ਤੋਂ ਹੀ ਚੱਲ ਰਹੇ ਬਿਜ਼ਨਸ ਨੂੰ ਖਰੀਦਣ ਤੋਂ ਬਾਅਦ ਇਮੀਗ੍ਰੇਸ਼ਨ ਲਈ ਨਾਮੀਨੇਟ ਕੀਤਾ ਜਾਵੇਗਾ।

ਮੈਕਨੌਟਨ ਨੇ ਆਖਿਆ ਕਿ ਇਸ ਨਵੀਂ ਪਹਿਲਕਦਮੀ ਨਾਲ ਸਰਕਾਰ ਉੱਤੇ 6 ਮਿਲੀਅਨ ਡਾਲਰ ਦਾ ਬੋਝ ਪਵੇਗਾ। ਪਰ ਇਮੀਗ੍ਰੈਂਟਸ ਵੱਲੋਂ ਇਹ ਫੀਸ ਭਰੇ ਜਾਣ ਨਾਲ ਇਹ ਖਰਚਾ ਪੂਰਾ ਹੋ ਜਾਵੇਗਾ। ਉਨ੍ਹਾਂ ਆਖਿਆ ਕਿ ਸਰਕਾਰ ਨੂੰ ਉਮੀਦ ਹੈ ਕਿ ਇਸ ਪ੍ਰੋਗਰਾਮ ਰਾਹੀਂ ਘੱਟ ਤੋਂ ਘੱਟ 20 ਮਿਲੀਅਨ ਡਾਲਰ ਦਾ ਨਿਵੇਸ਼ ਇਮੀਗ੍ਰੈਂਟਸ ਵੱਲੋਂ ਕੀਤਾ ਜਾਵੇਗਾ।

# ਕੈਨੇਡੀਅਨਜ਼ ਨੂੰ ਗੈਰ ਜ਼ਰੂਰੀ ਟਰੈਵਲ ਤੋਂ ਵਰਜ ਸਕਦੀ ਹੈ ਫੈਡਰਲ ਸਰਕਾਰ

ਓਟਵਾ, 14 ਦਸੰਬਰ (ਪੋਸਟ ਬਿਊਰੋ) : ਕੈਨੇਡਾ ਵੱਲੋਂ ਓਮਾਈਕ੍ਰੌਨ ਵੇਰੀਐਂਟ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਕਮਰ ਕੱਸ ਲਈ ਗਈ ਹੈ। ਫੈਡਰਲ ਸਰਕਾਰ ਨੇ ਇੱਕ ਵਾਰੀ ਫਿਰ ਕੈਨੇਡੀਅਨਜ਼ ਨੂੰ ਹੋਰਨਾਂ ਦੇਸ਼ਾਂ ਦੇ ਗੈਰ ਜ਼ਰੂਰੀ ਸਫਰ ਤੋਂ ਬਚਣ ਦੀ ਅਪੀਲ ਕੀਤੀ ਹੈ।

ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਸੂਤਰਾਂ ਨੇ ਦੱਸਿਆ ਕਿ ਇਨ੍ਹਾਂ ਨਵੀਆਂ ਪਾਬੰਦੀਆਂ ਸਬੰਧੀ ਐਲਾਨ ਬੁੱਧਵਾਰ ਨੂੰ ਹੋਵੇਗਾ। ਫੈਡਰਲ ਸਰਕਾਰ ਵੱਲੋਂ ਇਸ ਤਰ੍ਹਾਂ ਦੀਆਂ ਸਿਫਾਰਸ਼ਾਂ ਮਾਰਚ 2020 ਵਿੱਚ ਉਦੋਂ



ਕੀਤੀਆਂ ਗਈਆਂ ਸਨ ਜਦੋਂ ਮਹਾਂਮਾਰੀ ਦੀ ਸ਼ੁਰੂਆਤ ਹੋਈ ਸੀ ਪਰ ਇਨ੍ਹਾਂ ਪਾਬੰਦੀਆਂ ਨੂੰ ਵੈਕਸੀਨੇਸ਼ਨ ਵੱਧ ਜਾਣ ਮਗਰੋਂ ਪਿੱਛੇ ਜਿਹੇ ਅਕਤੂਬਰ ਵਿੱਚ ਹੀ ਹਟਾਇਆ ਗਿਆ।

ਪ੍ਰਾਪਤ ਜਾਣਕਾਰੀ ਅਨੁਸਾਰ ਕੈਨੇਡਾ ਆਉਣ ਵਾਲੇ ਸਾਰੇ ਵਿਅਕਤੀਆਂ ਦੇ ਏਅਰਪੋਰਟ ਉੱਤੇ ਮੁੜ ਟੈਸਟ ਸ਼ੁਰੂ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਫੈਡਰਲ ਸਰਕਾਰ ਵਿਦੇਸ਼ੀ ਨਾਗਰਿਕਾਂ ਨੂੰ ਕੈਨੇਡਾ ਦਾਖਲ ਹੋਣ ਤੋਂ ਵੀ ਰੋਕ ਸਕਦੀ ਹੈ। ਪਰ ਸੂਤਰਾਂ ਮੁਤਾਬਕ ਹਾਲ ਦੀ ਘੜੀ ਸਰਕਾਰ ਵੱਲੋਂ ਇਸ ਬਾਰੇ ਵਿਚਾਰ ਨਹੀਂ ਕੀਤਾ ਜਾ ਰਿਹਾ।

# ਐਲੀਮੈਂਟਰੀ ਸਕੂਲ ਬਣਾਉਣ ਲਈ ਫੋਰਡ ਸਰਕਾਰ ਕਰੇਗੀ 12.4 ਮਿਲੀਅਨ ਡਾਲਰ ਦਾ ਨਿਵੇਸ਼ : ਸੰਧੂ

ਬਰੈਂਪਟਨ, 14 ਦਸੰਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਵਰਕਿੰਗ ਪਰਿਵਾਰਾਂ ਦੀ ਮਦਦ ਲਈ ਨਵਾਂ ਮਾਊਂਟ ਪਲੈਜ਼ੈਂਟ ਕੈਥੋਲਿਕ ਐਲੀਮੈਂਟਰੀ ਸਕੂਲ ਦਾ ਨਿਰਮਾਣ ਕਰਨ ਲਈ ਓਨਟਾਰੀਓ ਸਰਕਾਰ ਡਫਰਿਨ ਪੀਲ ਡਿਸਟ੍ਰਿਕਟ ਸਕੂਲ ਬੋਰਡ 12.4 ਮਿਲੀਅਨ ਡਾਲਰ ਨਿਵੇਸ਼ ਕਰ ਰਹੀ ਹੈ।

ਇਸ ਨਿਵੇਸ਼ ਦਾ ਐਲਾਨ ਬਰੈਂਪਟਨ ਵੈਸਟ ਤੋਂ ਐਮਪੀਪੀ ਅਮਰਜੋਤ ਸੰਧੂ ਵੱਲੋਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਫੋਰਡ ਸਰਕਾਰ ਵੱਲੋਂ ਮਾਡਰਨ, ਪਹੁੰਚ ਵਿੱਚ, ਤਕਨੀਕੀ ਪੱਖੋਂ ਮਜ਼ਬੂਤ ਸਕੂਲ ਤਿਆਰ ਕਰਨ ਪ੍ਰਤੀ ਆਪਣੀ ਵਚਨਬੱਧਤਾ ਨਿਭਾਈ ਜਾ ਰਹੀ ਹੈ ਤੇ ਇਹ ਸਕੂਲ 435 ਵਿਦਿਆਰਥੀਆਂ ਲਈ ਸਿੱਖਿਆ ਹਾਸਲ ਕਰਨ ਦੀ ਬਿਹਤਰੀਨ ਥਾਂ ਹੋਵੇਗਾ। ਇਹ ਪ੍ਰਜੈਕਟ ਪ੍ਰੋਵਿੰਸ ਪੱਧਰ ਉੱਤੇ ਸਕੂਲ ਤੇ ਚਾਈਲਡ ਕੇਅਰ ਥਾਂਵਾਂ ਤਿਆਰ ਕਰਨ ਲਈ ਨਿਵੇਸ਼ ਕੀਤੇ ਜਾਣ ਵਾਲੇ 600 ਮਿਲੀਅਨ ਡਾਲਰ ਦਾ ਹਿੱਸਾ ਹੈ। ਇਨ੍ਹਾਂ ਥਾਂਵਾਂ ਦੇ ਨਿਰਮਾਣ ਦਾ ਐਲਾਨ



ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਕੀਤਾ ਗਿਆ ਸੀ।

ਕੁੱਲ ਨਿਵੇਸ਼ ਰਾਹੀਂ 78 ਸਕੂਲਾਂ ਤੇ ਚਾਈਲਡ ਕੇਅਰ ਸਬੰਧਤ ਪ੍ਰੋਜੈਕਟ ਤਿਆਰ ਕੀਤੇ ਜਾਣਗੇ। ਇਸ ਨਿਵੇਸ਼ ਦੇ ਹਿੱਸੇ ਵਜੋਂ ਪ੍ਰੋਵਿੰਸ ਨੇ ਵਿਦਿਆਰਥੀਆਂ ਲਈ 19700 ਸਪੇਸਿਜ਼ ਕਾਇਮ ਕਰਨ ਤੇ 1500 ਚਾਈਲਡ ਕੇਅਰ ਸਪੇਸਿਜ਼ ਕਾਇਮ ਕਰਨ ਲਈ 565 ਮਿਲੀਅਨ ਡਾਲਰ ਨਿਵੇਸ਼ ਕੀਤਾ ਹੈ। ਅਗਲੇ ਦਸ ਸਾਲਾਂ ਵਿੱਚ ਸਕੂਲਾਂ ਦੇ ਨਿਰਮਾਣ ਲਈ ਫੋਰਡ ਸਰਕਾਰ ਵੱਲੋਂ 14 ਬਿਲੀਅਨ ਡਾਲਰ ਮੁਹੱਈਆ ਕਰਵਾਉਣ ਦੇ ਕੀਤੇ ਗਏ ਵਾਅਦੇ ਦਾ ਇਹ ਨਿਵੇਸ਼ ਹਿੱਸਾ ਹੈ।

ਅਮਰਜੋਤ ਸੰਧੂ ਨੇ ਆਖਿਆ ਕਿ ਮਾਊਂਟ ਪਲੈਜ਼ੈਂਟ ਕੈਥੋਲਿਕ ਐਲੀਮੈਂਟਰੀ ਸਕੂਲ ਸਾਡੀ ਕਮਿਊਨਿਟੀ ਲਈ ਬਹੁਤ ਵੱਡੀ ਖੁਸ਼ੀ ਦੀ ਗੱਲ ਹੈ। ਉਨ੍ਹਾਂ ਆਖਿਆ ਕਿ ਇਸ ਪ੍ਰੋਜੈਕਟ ਦੀਆਂ ਹੇਠ ਲਿਖੀਆਂ ਹਾਈਲਾਈਟਸ ਹੋਣਗੀਆਂ :

- 435 ਐਲੀਮੈਂਟਰੀ ਸਟੂਡੈਂਟ ਸਪੇਸਿਜ਼
- 73 ਨਵੀਆਂ ਲਾਇਸੈਂਸਡ ਚਾਈਲਡ ਕੇਅਰ ਸਪੇਸਿਜ਼
- 4 ਨਵੇਂ ਚਾਈਲਡ ਕੇਅਰ ਰੂਮਜ਼

ਡਫਰਿਨ ਪੀਲ ਕੈਥੋਲਿਕ ਡੀਐਸਬੀ ਦੇ ਡਾਇਰੈਕਟਰ ਆਫ ਐਜੂਕੇਸ਼ਨ ਮੈਰੀਐਨ ਮਾਜ਼ੋਰਾਤੋ ਨੇ ਆਖਿਆ ਕਿ ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਬਰੈਂਪਟਨ ਦੇ ਮਾਊਂਟ ਪਲੈਜ਼ੈਂਟ ਏਰੀਆ ਵਿੱਚ ਇਹ ਸਕੂਲ ਖੁੱਲ੍ਹਣ ਜਾ ਰਿਹਾ ਹੈ। ਡੀਪੀਸੀਡੀਐਸਬੀ ਟਰੱਸਟੀ, ਜੋ ਕਿ ਬਰੈਂਪਟਨ ਦੇ ਵਾਰਡਜ਼ 2, 5 ਤੇ 6 ਦੀ ਨੁਮਾਇੰਦਗੀ ਕਰਦੇ ਹਨ, ਡੈਰਿਲ ਡਸੂਜ਼ਾ ਨੇ ਵੀ ਸਰਕਾਰ ਦੇ ਇਸ ਫੈਸਲੇ ਦਾ ਸਵਾਗਤ ਕੀਤਾ।

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto
Business • Trucking
Life Insurance • Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc Raj Narang, Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

INSURANCE MART INSURANCE COMPANY
Life Insurance
Critical Illness
Disability
Super Visa
Home and Auto Insurance
Gurdip Gill
(647)767-6665
gurdipgill1@hotmail.ca

Dubai Jewellers
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic. 12538
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt 0 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
379 Main St. North, Brampton | 905-451-0379
1 Promenade Circle, Thornhill | 647-274-3808
2456 Lake shore Blvd West, Etobicoke | 416-259-3654
chatr™
AUTHORIZED DEALER
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਫੈਡਰਲ ਸਰਕਾਰ ਵੱਲੋਂ ਘਾਟੇ ਵਿੱਚ ਕਮੀ ਆਉਣ ਦੀ ਕੀਤੀ ਗਈ ਪੇਸ਼ੀਨਿਗੋਈ

ਓਟਵਾ, 14 ਦਸੰਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਕੋਵਿਡ-19 ਖਿਲਾਫ ਲੜਾਈ ਨੂੰ ਖਤਮ ਕਰਨ ਲਈ 8.1 ਬਿਲੀਅਨ ਡਾਲਰ ਵਾਧੂ ਖਰਚ ਕਰਨ ਦਾ ਤਹੱਈਆ ਪ੍ਰਗਟਾਇਆ ਗਿਆ ਹੈ ਤੇ ਇਸ ਦੇ ਨਾਲ ਹੀ ਕੌਮੀ ਪੱਧਰ ਉੱਤੇ ਘਾਟੇ ਵਿੱਚ ਵੀ ਕਮੀ ਆਉਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ।



ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਮੰਗਲਵਾਰ ਨੂੰ ਦੇਸ਼ ਦੀ ਵਿੱਤੀ ਸਥਿਤੀ ਉੱਤੇ ਚਾਨਣਾ ਪਾਇਆ ਗਿਆ ਤੇ ਆਰਥਿਕ ਤੇ ਵਿੱਤੀ ਅਪਡੇਟ ਦਿੱਤੀ ਗਈ। ਅਗਲੇ ਸੱਤ ਸਾਲਾਂ ਵਿੱਚ ਬਾਰਡਰ ਉੱਤੇ 71.2 ਬਿਲੀਅਨ ਡਾਲਰ ਖਰਚਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਦੀ ਸ਼ੁਰੂਆਤ 28.4 ਬਿਲੀਅਨ ਡਾਲਰ ਨਾਲ 2021-22 ਵਿੱਤੀ ਵਰ੍ਹੇ ਦੌਰਾਨ ਹੋਵੇਗੀ, 4.5 ਬਿਲੀਅਨ ਡਾਲਰ ਓਮਾਈਕ੍ਰੌਨ ਵੇਰੀਐਂਟ ਨਾਲ ਸਿੱਝਣ ਲਈ ਰੱਖੇ ਗਏ ਹਨ ਤੇ 5 ਬਿਲੀਅਨ ਡਾਲਰ ਹੋਰ ਬੀਸੀ ਦੇ ਹੜ੍ਹਾਂ ਲਈ ਕੀਤੇ ਜਾਣ ਵਾਲੇ ਯਤਨਾਂ ਵਾਸਤੇ ਰੱਖੇ ਗਏ ਹਨ।

ਮਹਾਂਮਾਰੀ ਸਬੰਧੀ ਨਵੇਂ ਪ੍ਰਸਤਾਵਾਂ ਤਹਿਤ, ਸਰਕਾਰ ਵੱਲੋਂ ਦੋ ਸਾਲਾਂ ਦੇ ਅਰਸੇ ਵਿੱਚ 2 ਬਿਲੀਅਨ ਡਾਲਰ ਦਾ ਸੁਝਾਅ ਦਿੱਤਾ ਗਿਆ ਹੈ। ਇਸ ਦੀ ਸ਼ੁਰੂਆਤ 2021-22 ਵਿੱਚ ਕੋਵਿਡ-19 ਇਲਾਜ ਨੂੰ ਸਹੇਜ ਕੇ ਰੱਖਣ ਲਈ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (ਪੀਐਚਏਸੀ) ਨਾਲ ਹੋਵੇਗੀ। ਸਰਕਾਰ ਹੈਲਥ ਕੈਨੇਡਾ ਤੇ ਪੀਐਚਏਸੀ ਨੂੰ 1.7 ਬਿਲੀਅਨ ਡਾਲਰ ਮੁਹੱਈਆ ਕਰਵਾਉਣ ਬਾਰੇ ਵੀ ਸੋਚ ਰਹੀ ਹੈ ਤਾਂ ਕਿ ਰੈਪਿਡ ਟੈਸਟਸ ਤੇ ਸਪਲਾਈਜ਼ ਨੂੰ ਪੁਰ ਕਰਕੇ ਰੱਖਣ ਲਈ ਪ੍ਰੋਵਿੰਸਾਂ ਤੇ ਟੈਰੇਟਰੀਜ਼ ਦੀ ਮਦਦ ਕੀਤੀ ਜਾ ਸਕੇ। ਲੋਅ ਇਨਕਮ ਸੀਨੀਅਰਜ਼ ਲਈ ਵੀ ਸਰਕਾਰ 742.4 ਮਿਲੀਅਨ ਡਾਲਰ ਰਾਖਵੇਂ ਰੱਖ ਰਹੀ ਹੈ।

ਬਸੰਤ ਵਿੱਚ ਪੇਸ਼ ਕੀਤੇ ਗਏ ਬਜਟ ਵਿੱਚ ਇਹ ਆਖਿਆ ਗਿਆ ਸੀ ਕਿ ਇਸ ਵਾਰੀ ਘਾਟਾ 154.7 ਬਿਲੀਅਨ ਡਾਲਰ ਤੱਕ ਅੱਪੜ ਸਕਦਾ ਹੈ ਪਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਮੁਤਾਬਕ 2021-22 ਵਿੱਚ ਇਹ ਘਾਟਾ 144.5 ਬਿਲੀਅਨ ਡਾਲਰ ਹੀ ਰਿਹਾ। 2022-23 ਦੇ ਵਿੱਤੀ ਵਰ੍ਹੇ ਵਿੱਚ ਇਹ ਘਾਟਾ 58.4 ਬਿਲੀਅਨ ਡਾਲਰ ਰਹਿਣ ਦੀ ਪੇਸ਼ੀਨਿਗੋਈ ਕੀਤੀ ਗਈ ਹੈ ਇਸ ਨੂੰ ਪਹਿਲਾਂ 59.7 ਬਿਲੀਅਨ ਡਾਲਰ ਦੱਸਿਆ ਜਾ ਰਿਹਾ ਸੀ। ਇਹ ਵੀ ਦੱਸਿਆ ਗਿਆ ਕਿ ਫੈਡਰਲ ਸਰਕਾਰ ਦੀ ਆਮਦਨ ਵਿੱਚ ਹੋਏ ਵਾਧੇ ਤੇ ਖਰਚਿਆਂ ਵਿੱਚ ਹੋਈ ਕਟੌਤੀ ਕਾਰਨ ਇਹ ਘਾਟਾ ਤੇਜ਼ੀ ਨਾਲ ਘਟ ਰਿਹਾ ਹੈ।

# ਸ਼ਰਮਨ ਜੋੜੇ ਦੇ ਕਤਲ ਦੇ ਸਬੰਧ ਵਿੱਚ ਪੁਲਿਸ ਨੇ ਮਸ਼ਕੂਕ ਦਾ ਵੀਡੀਓ ਕੀਤਾ ਜਾਰੀ

ਟੋਰਾਂਟੋ, 14 ਦਸੰਬਰ (ਪੋਸਟ ਬਿਊਰੋ) : ਟੋਰਾਂਟੋ ਦੇ ਬਿਲੀਅਨੇਅਰਜ਼ ਬੈਰੀ ਤੇ ਹਨੀ ਸ਼ਰਮਨ ਦੇ ਕਤਲ ਦੇ ਮਾਮਲੇ ਵਿੱਚ ਪੁਲਿਸ ਵੱਲੋਂ ਮਸ਼ਕੂਕ ਦੀ ਨਵੀਂ ਫੁਟੇਜ ਜਾਰੀ ਕੀਤੀ ਗਈ ਹੈ।

ਪੁਲਿਸ ਨੇ ਆਖਿਆ ਕਿ ਦਸੰਬਰ 2017 ਵਿੱਚ ਜਦੋਂ ਸ਼ਰਮਨ ਜੋੜੇ ਦਾ ਕਤਲ ਹੋਇਆ ਸੀ ਉਸ ਟਾਈਮਫਰੇਮ ਦੌਰਾਨ ਸ਼ਰਮਨ ਦੀ ਮਲਟੀ ਮਿਲੀਅਨ ਡਾਲਰ ਵਾਲੀ ਨੌਰਥ ਯੌਰਕ ਪ੍ਰਾਪਰਟੀ ਨੇੜੇ ਸਕਿਊਰਿਟੀ ਵੀਡੀਓ ਵਿੱਚ ਇੱਕ ਅਣਪਛਾਤਾ ਵਿਅਕਤੀ ਨਜ਼ਰ ਆ ਰਿਹਾ ਹੈ। ਹੋਮੀਸਾਈਡ ਡਿਪਾਰਟਮੈਂਟ ਸਾਰਜੈਂਟ ਬ੍ਰੈਂਡਨ ਪ੍ਰਾਈਸ ਨੇ ਆਖਿਆ ਕਿ ਪੁਲਿਸ ਨੇ ਲੰਮਾਂ ਸਮਾਂ ਇਸ ਸਕਿਊਰਿਟੀ ਫੁਟੇਜ ਨੂੰ ਹੰਗਾਲਿਆ ਪਰ ਉਨ੍ਹਾਂ ਨੂੰ ਇੱਕ ਮਸ਼ਕੂਕ ਮਿਲਿਆ ਤੇ ਉਸ ਦੀ ਵੀ ਪਛਾਣ ਨਹੀਂ ਹੋ ਪਾ ਰਹੀ।



ਪ੍ਰਾਈਸ ਨੇ ਆਖਿਆ ਕਿ ਸਾਨੂੰ ਇਹ ਸਮਝ ਨਹੀਂ ਆ ਰਿਹਾ ਕਿ ਇਸ ਵਿਅਕਤੀ ਦਾ ਇਸ ਇਲਾਕੇ ਵਿੱਚ ਕੀ ਕੰਮ ਸੀ ਤੇ ਉਹ ਇੱਥੇ ਕਿਉਂ ਘੁੰਮ ਰਿਹਾ ਸੀ। ਉਨ੍ਹਾਂ ਆਖਿਆ ਕਿ ਇਸ ਸ਼ਖਸ ਦੀਆਂ ਹਰਕਤਾਂ ਕਾਫੀ ਸ਼ੱਕੀ ਹਨ। ਪ੍ਰਾਈਸ ਨੇ ਇਹ ਵੀ ਆਖਿਆ ਕਿ ਇਹ ਵੀਡੀਓ 13 ਦਸੰਬਰ 2017 ਨੂੰ ਸ਼ਾਮ ਜਾਂ ਰਾਤ ਸਮੇਂ ਲਈ ਗਈ ਹੈ ਤੇ ਉਸ ਦਿਨ ਹੀ ਆਖਰੀ ਵਾਰੀ ਇਸ ਜੋੜੇ ਨੂੰ ਜਿਊਂਦਾ ਵੇਖਿਆ ਗਿਆ ਸੀ। ਜਾਂਚਕਾਰਾਂ ਨੇ ਦੱਸਿਆ ਕਿ ਅਟੌਪਸੀ ਦੇ ਨਤੀਜਿਆਂ ਤੋਂ ਸਾਹਮਣੇ ਆਇਆ ਸੀ ਕਿ ਇਸ ਜੋੜੇ ਨੂੰ ਗਲਾ ਘੁੱਟ ਕੇ ਮਾਰਿਆ ਗਿਆ ਸੀ।

ਜ਼ਿਕਰਯੋਗ ਹੈ ਕਿ 75 ਸਾਲਾ ਬੈਰੀ ਤੇ 70 ਸਾਲਾ ਹਨੀ ਆਪਣੇ ਨੌਰਥ ਯੌਰਕ ਵਾਲੇ ਘਰ ਦੇ ਅੰਦਰ ਵਾਲੇ ਪੂਲ ਦੇ ਡੈੱਕ ਉੱਤੇ ਅੱਧੀ ਬੈਠੀ ਹੋਈ ਹਾਲਤ ਵਿੱਚ ਗਲੇ ਨਾਲ ਬੈਲਟਾਂ ਬੰਨ੍ਹੀ ਰੇਲਿੰਗ ਨਾਲ ਬੰਨ੍ਹੇ ਪਾਏ ਗਏ ਸਨ। ਪੁਲਿਸ ਵੱਲੋਂ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਮਸ਼ਕੂਕ ਨੂੰ ਪਛਾਨਣ ਦੀ ਕੋਸ਼ਿਸ਼ ਕਰਨ। ਪੁਲਿਸ ਨੇ ਇਹ ਵੀ ਆਖਿਆ ਕਿ ਮਸ਼ਕੂਕ ਆਪਣੇ ਸੱਜੇ ਪੈਰ ਨੂੰ ਲੰਗ ਮਾਰਕੇ ਤੁਰਦਾ ਹੈ।

ਇਸ ਮਸ਼ਕੂਕ ਦਾ ਰੰਗ, ਭਾਰ ਤੇ ਲਿੰਗ ਆਦਿ ਬਾਰੇ ਕੋਈ ਪੱਕੀ ਜਾਣਕਾਰੀ ਨਹੀਂ ਮਿਲੀ ਹੈ। ਪ੍ਰਾਈਸ ਨੇ ਆਖਿਆ ਕਿ ਵੀਡੀਓ ਦੇ ਵਿਸ਼ਲੇਸ਼ਣ ਤੋਂ ਇਸ ਸ਼ਖਸ ਦਾ ਕੱਦ ਪੰਜ ਫੁੱਟ ਛੇ ਇੰਚ ਤੇ ਪੰਜ ਫੁੱਟ ਨੌਂ ਇੰਚ ਦਰਮਿਆਨ ਹੈ। ਪ੍ਰਾਈਸ ਨੇ ਆਖਿਆ ਕਿ ਕਾਤਲ ਦੀ ਜਾਣਕਾਰੀ ਦੇਣ ਵਾਲੇ ਲਈ 10 ਮਿਲੀਅਨ ਡਾਲਰ ਦਾ ਇਨਾਮ ਅਜੇ ਵੀ ਉਪਲਬਧ ਹੈ।

# ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਮਹਿਲਾ ਦੀ ਹੋਈ ਮੌਤ

ਮਿਸੀਸਾਗਾ, 14 ਦਸੰਬਰ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਮਹਿਲਾ ਦੀ ਮੌਤ ਹੋ ਗਈ।

ਮੰਗਲਵਾਰ ਸਵੇਰੇ 6:30 ਵਜੇ ਵਾਪਰੇ ਇਸ ਹਾਦਸੇ ਦੀ ਰਿਪੋਰਟ ਦੇ ਕੇ ਐਮਰਜੰਸੀ ਅਮਲੇ ਨੂੰ ਐਗਲਿੰਟਨ ਐਵਨਿਊ ਦੇ ਉੱਤਰ ਵੱਲ ਡਿਕਸੀ ਰੋਡ ਤੇ ਐਮਿਕੋ ਬੋਲੀਵੀਆਰਡ ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਮਹਿਲਾ ਗੱਡੀ ਦੇ ਥੱਲੇ ਫਸੀ ਹੋਈ ਸੀ ਪਰ ਫਾਇਰ ਕ੍ਰਿਊ ਉਸ ਮਹਿਲਾ ਨੂੰ ਗੱਡੀ ਦੇ ਥੱਲਿਓਂ ਬਾਹਰ ਕੱਢਣ ਵਿੱਚ ਕਾਮਯਾਬ ਰਿਹਾ। ਪਰ ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।



ਡਰਾਈਵਰ ਮੌਕੇ ਉੱਤੇ ਹੀ ਮੌਜੂਦ ਰਿਹਾ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਕਿਸੇ ਤਰ੍ਹਾਂ ਦੇ ਚਾਰਜਿਜ਼ ਲਾਏ ਗਏ ਹਨ ਜਾਂ ਨਹੀਂ।

# ਓਮਾਈਕ੍ਰੌਨ ਵੇਰੀਐਂਟ ਤੋਂ 33 ਫੀ ਸਦੀ ਬਚਾਅ ਕਰਦੀ ਹੈ ਫਾਈਜ਼ਰ ਵੈਕਸੀਨ : ਰਿਪੋਰਟ

ਓਟਵਾ, 14 ਦਸੰਬਰ (ਪੋਸਟ ਬਿਊਰੋ) : ਸਾਊਥ ਅਫਰੀਕਾ ਵਿੱਚ ਅੱਜ ਜਾਰੀ ਕੀਤੇ ਗਏ ਇੱਕ ਵੱਡੀ ਪੱਧਰ ਦੇ ਵਿਸ਼ਲੇਸ਼ਣ ਅਨੁਸਾਰ ਫਾਈਜ਼ਰ/ਬਾਇਓਐਨਟੈਕ ਵੈਕਸੀਨ ਦੀਆਂ ਦੋ ਡੋਜ਼ਾਂ ਭਾਵੇਂ ਕੋਵਿਡ-19 ਦੇ ਓਮਾਈਕ੍ਰੌਨ ਵੇਰੀਐਂਟ ਤੋਂ ਸਿਰਫ 33 ਫੀ ਸਦੀ ਹੀ ਪ੍ਰੋਟੈਕਸ਼ਨ ਮੁਹੱਈਆ ਕਰਵਾਉਂਦੀਆਂ ਹਨ ਪਰ ਲੋਕਾਂ ਨੂੰ ਹਸਪਤਾਲ ਵਿੱਚ ਦਾਖਲ ਹੋਣ ਤੋਂ 70 ਫੀ ਸਦੀ ਬਚਾਉਂਦੀਆਂ ਹਨ।



ਸਾਊਥ ਅਫਰੀਕਾ, ਜਿਹੜੀ ਥਾਂ ਉੱਤੇ ਇਹ ਨਵਾਂ ਵੇਰੀਐਂਟ ਪਾਇਆ ਗਿਆ, ਉੱਥੇ ਆਪਣੀ ਕਿਸਮ ਦੇ ਇਸ ਪਹਿਲੇ ਵਿਸ਼ਲੇਸ਼ਣ ਵਿੱਚ ਵੈਕਸੀਨ ਦੀ ਪ੍ਰਭਾਵਸ਼ੀਲਤਾ ਨੂੰ ਪੜਚੋਲਿਆ ਗਿਆ। ਇਸ ਵਿੱਚ ਇਹ ਵੀ ਪਾਇਆ ਗਿਆ ਕਿ ਜਿਸ ਤਰ੍ਹਾਂ ਪਹਿਲਾਂ ਸਮਝਿਆ ਜਾ ਰਿਹਾ ਸੀ ਉਹ ਸਹੀ ਸੀ ਕਿ ਇਹ ਨਵਾਂ ਵੇਰੀਐਂਟ ਸੁਖਾਲੇ ਢੰਗ ਨਾਲ ਟਰਾਂਸਮਿਸੇਬਲ ਹੈ ਤੇ ਫਾਈਜ਼ਰ ਦਾ ਸ਼ੌਟ ਵੀ ਇਸ ਵੇਰੀਐਂਟ ਉੱਤੇ ਓਨਾ ਅਸਰਦਾਰ ਨਹੀਂ ਜਿੰਨਾ ਕਿ ਡੈਲਟਾ ਵੇਰੀਐਂਟ ਉੱਤੇ ਸੀ।

ਇਹ ਵਿਸ਼ਲੇਸ਼ਣ ਕੋਵਿਡ-19 ਦੇ 211000 ਪਾਜ਼ੀਟਿਵ ਟੈਸਟ ਨਤੀਜਿਆਂ ਉੱਤੇ ਅਧਾਰਿਤ ਹੈ, 41 ਫੀ ਸਦੀ ਅਜਿਹੇ ਬਾਲਗਾਂ ਦੇ ਨਤੀਜਿਆਂ ਉੱਤੇ ਅਧਾਰਿਤ ਹੈ ਜਿਹੜੇ ਫਾਈਜ਼ਰ ਵੈਕਸੀਨ ਦੀਆਂ ਦੋਵੇਂ ਡੋਜ਼ਾਂ ਲਵਾ ਚੁੱਕੇ ਹਨ। 15 ਨਵੰਬਰ ਤੋਂ 7 ਦਸੰਬਰ ਦਰਮਿਆਨ 78000 ਕੋਵਿਡ-19 ਪਾਜ਼ੀਟਿਵ ਨਤੀਜਿਆਂ, ਜਿਨ੍ਹਾਂ ਨੂੰ ਕਿ ਮੁੱਖ ਤੌਰ ਉੱਤੇ ਓਮਾਈਕ੍ਰੌਨ ਇਨਫੈਕਸ਼ਨ ਮੰਨਿਆ ਗਿਆ, ਉੱਤੇ ਵੀ ਅਧਾਰਿਤ ਹੈ। ਇਹ ਅਧਿਐਨ ਸਾਊਥ ਅਫਰੀਕਾ ਦੀ ਸੱਭ ਤੋਂ ਵੱਡੀ ਪ੍ਰਾਈਵੇਟ ਹੈਲਥ ਇੰਸ਼ੋਰਰ- ਡਿਸਕਵਰੀ ਹੈਲਥ, ਤੇ ਸਾਊਥ ਐਫਰੀਕਨ ਮੈਡੀਕਲ ਰਿਸਰਚ ਕਾਊਂਸਲ ਵੱਲੋਂ ਕਰਵਾਇਆ ਗਿਆ ਹੈ।

# ਰਾਮ ਰਹੀਮ ਤੋਂ ਪੁੱਛਗਿੱਛ ਲਈ ਪੰਜਾਬ ਦੀ ਐੱਸ ਆਈ ਟੀ ਸੁਨਾਰੀਆ ਜੇਲ੍ਹ ਦੂਸਰੀ ਵਾਰ ਪਹੁੰਚੀ

ਰੋਹਤਕ, 14 ਦਸੰਬਰ, (ਪੋਸਟ ਬਿਊਰੋ)-ਹਰਿਆਣਾ ਦੀ ਜੇਲ੍ਹ ਵਿੱਚ ਬੰਦ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਤੋਂ ਪੁੱਛਗਿੱਛਲਈ ਪੰਜਾਬ ਪੁਲਿਸ ਦੀ ਐੱਸ ਆਈ ਟੀ (ਸਪੈਸ਼ਲ ਜਾਂਚ ਟੀਮ) ਮੰਗਲਵਾਰ ਦੂਸਰੀ ਵਾਰ ਸੁਨਾਰੀਆ ਜੇਲ੍ਹਪਹੁੰਚੀ। ਜੇਲ੍ਹ ਪ੍ਰਸ਼ਾਸਨ ਤੋਂ ਮਨਜ਼ੂਰੀ ਲੈਣ ਦੇ ਬਾਅਦ ਇਸਜਾਂਚ ਟੀਮ ਨੇ ਡੇਰਾ ਮੁਖੀ ਕੋਲੋਂ ਕਰੀਬ 6 ਘੰਟੇ ਪੁੱਛਗਿੱਛ ਕੀਤੀ ਅਤੇ ਸ਼ਾਮ ਨੂੰ ਐੱਸ ਆਈ ਟੀ ਪੰਜਾਬ ਨੂੰ ਪਰਤ ਗਈ।

ਪੰਜਾਬ ਪੁਲਿਸ ਦੇ ਆਈ ਜੀ ਸੁਰਿੰਦਰ ਪਾਲ ਸਿੰਘ ਦੀ ਅਗਵਾਈਹੇਠ 6 ਗੱਡੀਆਂ ਦਾ ਕਾਫਲਾ ਸਵੇਰੇ ਕਰੀਬ ਸਾਢੇ ਦਸ ਵਜੇ ਸੁਨਾਰੀਆ ਜੇਲ੍ਹ ਨੇੜੇ ਗਿਆ ਤਾਂ ਇਨ੍ਹਾਂ ਗੱਡੀਆਂ ਦੀ ਗੰਭੀਰਤਾ ਨਾਲ ਜਾਂਚ ਕੀਤੀ ਗਈ ਤੇ ਉਨ੍ਹਾਂ ਵਿਚਲੇ ਸਾਰੇ ਪੁਲਿਸ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਆਈ-ਕਾਰਡ ਚੈੱਕ ਕੀਤੇ ਗਏ। ਗੱਡੀਆਂ ਵਿੱਚ 25 ਤੋਂ 30 ਦੇ ਕਰੀਬ ਪੰਜਾਬ ਪੁਲਸ ਦੇ ਮੁਲਾਜ਼ਮ ਤੇ ਅਧਿਕਾਰੀ ਸਨ। ਜੇਲ੍ਹ ਸੁਪਰਡੈਂਟ ਨਾਲ ਮੁਲਾਕਾਤ ਮਗਰੋਂਐੱਸ ਆਈ ਟੀ ਨੂੰ ਡੇਰਾ ਮੁਖੀ ਤੋਂ ਪੁੱਛਗਿੱਛ ਲਈ ਸਪੈਸ਼ਲ ਸੈੱਲ ਵਿੱਚ ਭੇਜ ਦਿੱਤਾ ਗਿਆ।ਇਸ ਪੁੱਛਗਿੱਛ ਦੀ ਵੀਡੀਓਗ੍ਰਾਫੀ ਤੇ ਫੋਟੋਗ੍ਰਾਫੀ ਕੀਤੀ ਗਈ ਅਤੇ ਆਡੀਓ, ਵੀਡੀਓ ਤੇ ਲਿਖਤਬਿਆਨ ਦਰਜ ਕੀਤੇ ਗਏ। ਇਸ ਟੀਮ ਨੇ ਬੀਤੇ ਅੱਠ ਨਵੰਬਰ ਨੂੰ ਵੀ ਏਥੇ ਆ ਡੇਰਾ ਮੁਖੀ ਨੂੰ ਕਰੀਬ 100 ਸਵਾਲ ਪੁੱਛੇ ਸਨ।ਅੱਜ ਮੰਗਲਵਾਰ ਵੀ ਡੇਰਾ ਮੁਖੀ ਨੇ ਐੱਸ ਆਈ ਟੀ ਦੀ ਪੁੱਛਗਿੱਛ ਵਿੱਚ ਖਾਸ ਸਹਿਯੋਗ ਨਹੀਂ ਕੀਤਾ ਅਤੇ ਟਾਲਣ ਦਾ ਯਤਨ ਕਰਦਾ ਦੱਸਿਆ ਗਿਆ ਹੈ।



ਸੁਨਾਰੀਆ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਤੋਂ ਪੁੱਛਗਿੱਛ ਕਰਨ ਲਈ ਪੰਜਾਬ ਦੇ ਫਰੀਦਕੋਟ ਅਦਾਲਤ ਨੇ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਸਨ, ਪਰ ਡੇਰਾ ਮੁਖੀ ਦੀ ਪਟੀਸ਼ਨ ਉੱਤੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਫਰੀਦਕੋਟ ਅਦਾਲਤ ਦੇ ਆਦੇਸ਼ ਉੱਤੇ ਰੋਕ ਲਾ ਕੇ ਸੁਨਾਰੀਆ ਜੇਲ੍ਹ ਵਿੱਚ ਹੀਪੁੱਛਗਿੱਛ ਦੇ ਹੁਕਮ ਕੀਤੇ ਸਨ। ਇਸ ਤੋਂ ਬਾਅਦ ਐੱਸ ਆਈ ਟੀ ਇਥੇ ਡੇਰਾ ਮੁਖੀ ਤੋਂ ਪੁੱਛਗਿੱਛ ਕਰ ਰਹੀ ਹੈ।

ਵਰਨਣ ਯੋਗ ਹੈ ਕਿ ਜੂਨ ਤੋਂ ਅਕਤੂਬਰ 2015 ਤਕ ਫਰੀਦਕੋਟ ਜ਼ਿਲੇਵਿਚਲੇ ਬੁਰਜ ਜਵਾਹਰ ਸਿੰਘਵਾਲਾ ਅਤੇ ਬਰਗਾੜੀ ਵਿੱਚ ਬੇਅਦਬੀ ਦੀ ਘਟਨਾਵਾਂ ਦੇ ਬਾਅਦਇਸ ਬਾਰੇਦਰਜ ਹੋਏ ਕੇਸ ਵਿੱਚ ਡੇਰਾਮੁਖੀ ਉੱਤੇਦੋਸ਼ ਹਨ ਕਿ ਬੇਅਦਬੀ ਕਾਂਡ ਵਿੱਚ ਉਸ ਦਾ ਹੱਥ ਸੀ। ਫਰੀਦਕੋਟ ਦੀ ਅਦਾਲਤ ਨੇ 29 ਅਕਤੂਬਰ ਨੂੰ ਡੇਰਾਮੁਖੀ ਨੂੰ ਪੇਸ਼ੀ ਦੇ ਹੁਕਮ ਲਈ 25 ਅਕਤੂਬਰ ਨੂੰ ਪ੍ਰੋਡਕਸ਼ਨ ਵਾਰੰਟਜਾਰੀ ਕੀਤਾ ਸੀ। ਪੇਸ਼ੀ ਤੋਂ ਇਕ ਦਿਨ ਪਹਿਲਾਂ ਹਾਈ ਕੋਰਟ ਨੇ ਪ੍ਰੋਡਕਸ਼ਨ ਵਾਰੰਟ ਉੱਤੇ ਰੋਕ ਲਾ ਕੇ ਜਾਂਚ ਟੀਮ ਨੂੰ ਸੁਨਾਰੀਆ ਜੇਲ੍ਹ ਵਿੱਚ ਹੀ ਪੁੱਛਗਿੱਛ ਕਰਨ ਦੇ ਹੁਕਮ ਦਿੱਤੇ ਸਨ।

# ਟਿਕੈਤ ਦੀ ਹਰਿਆਣੇ ਨੂੰ ਸਮਝਾਉਣੀ: ਐੱਸ ਵਾਈ ਐੱਲ ਦਾ ਰਾਗ ਛੇੜਿਆ ਤਾਂ ਸਰਕਾਰ ਇਸ ਨੂੰ ਵੀ ਕਿਸਾਨ ਸੰਘਰਸ਼ ਨਾਲ ਜੋੜੇਗੀ

ਜੀਂਦ, 14 ਦਸੰਬਰ, (ਪੋਸਟ ਬਿਊਰੋ)- ਹਰਿਆਣਾ ਦੇ ਜੀਂਦ ਵਿੱਚ ਖਟਕੜ ਟੋਲਪਲਾਜ਼ਾ ਉੱਤੇਧਰਨੇ ਦੀ ਸਮਾਪਤੀਦੇ ਲਈ ਪੁੱਜੇ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਕਿਸਾਨ ਅੰਦੋਲਨ ਨੇ ਸਾਨੂੰ ਸਭ ਨੂੰ ਇਕੱਠੇ ਕਰ ਦਿੱਤਾ ਹੈ ਅਤੇ ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਦਾ ਕੋਈ ਫਰਕ ਨਹੀਂ ਰਿਹਾ।



ਇਸ ਮੌਕੇ ਟਿਕੈਤ ਨੇ ਕਿਹਾ ਕਿ 'ਸੁਣਿਆ ਹੈ ਕਿ ਹਰਿਆਣਾ ਦੀਆਂ ਖਾਪ ਪੰਚਾਇਤਾਂ ਐੱਸ ਵਾਈ ਐੱਲ ਨਹਿਰ ਦੇ ਪਾਣੀ ਵਾਸਤੇ ਪੰਜਾਬ ਦੀਆਂ ਜਥੇਬੰਦੀਆਂ ਨਾਲ ਗੱਲ ਕਰਨਾ ਚਾਹੁੰਦੀਆਂ ਹਨ, ਪਰ ਇਹ ਗ਼ਲਤੀ ਕਦੀ ਨਾ ਕਰਨਾ, ਪੰਜਾਬ ਦੇ ਲੋਕ ਸੋਚਣਗੇ ਕਿ ਹਰਿਆਣਾ ਦੇ ਕਿਸਾਨਾਂ ਨੇ ਪਾਣੀ ਦੇ ਲਾਲਚ ਵਿੱਚ ਉਨ੍ਹਾਂ ਦਾ ਸਹਿਯੋਗ ਕੀਤਾ ਹੈ।ਐੱਸ ਵਾਈ ਐੱਲ ਦਾ ਪਾਣੀ ਲਿਆਉਣਾ ਸਰਕਾਰ ਦਾ ਕੰਮ ਹੈ। ਇਸ ਨਾਲ ਭਾਈਚਾਰਾ ਖ਼ਰਾਬ ਹੋਵੇਗਾ ਤੇ ਅੰਦੋਲਨ ਕਮਜ਼ੋਰ ਪੈ ਸਕਦਾ ਹੈ।' ਰਾਕੇਸ਼ ਟਿਕੈਤ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਮਹਿੰਦਰ ਸਿੰਘ ਟਿਕੈਤ ਕਹਿੰਦੇ ਹੁੰਦੇ ਸਨ ਕਿ ਜੇ ਅੰਦੋਲਨ ਵਿੱਚ ਪੰਜਾਬ ਦਾ ਕਿਸਾਨ ਖੜਾ ਹੋਵੇ, ਹਰਿਆਣਾ ਦਾ ਕਿਸਾਨ ਉਸ ਦੇ ਨਾਲ ਆਵੇਗਾ। ਉੱਤਰ ਪ੍ਰਦੇਸ਼, ਰਾਜਸਥਾਨ ਉਨ੍ਹਾਂ ਨਾਲ ਖੜਾ ਹੁੰਦਾ ਹੈ ਤਾਂ ਇਹ ਰਾਜਦੇਸ਼ ਦੇ ਕਿਸਾਨਾਂ ਦੀ ਤਕਦੀਰ ਬਦਲਣਗੇ। ਟਿਕੈਤ ਨੇ ਕਿਹਾ ਕਿ ਅਸੀਂ ਅਜੇ ਅੰਦੋਲਨ ਦੀ ਟ੍ਰੇਨਿੰਗ ਲਈ ਹੈ, ਅੱਗੋਂ ਅਸੀਂ ਨਸ਼ਾ ਮੁਕਤੀ, ਦਾਜ ਪ੍ਰਥਾ ਦੇ ਖ਼ਿਲਾਫ਼ ਸਮਾਜਿਕ ਅੰਦੋਲਨ ਕਰਾਂਗੇ। ਉਨ੍ਹਾਂ ਨੇ ਬੱਦੋਵਾਲ ਟੋਲ ਪਲਾਜ਼ਾ ਵਿਖੇ ਕਿਹਾ ਕਿ ਜਿੰਨੇ ਫ਼ਸਲਾਂ ਦੇ ਰੇਟ ਵਧਦੇ ਹਨ, ਸਰਕਾਰ ਓਨਾ ਟੋਲ ਟੈਕਸ ਵਧਾ ਦਿੱਤਾ ਜਾਂਦਾ ਹੈ। ਟੋਲ ਟੈਕਸ ਦੁੱਗਣਾ ਕੀਤਾ ਤਾਂ ਨਹੀਂ ਚੱਲੇਗਾ। ਅਜੇ ਸਰਕਾਰ ਨੂੰ ਥੋੜ੍ਹਾ ਸਮਾਂ ਦਿੱਤਾ ਹੈ ਕਿ ਆਪਣਾ ਕੰਮ ਕਰੇ।ਜੇ ਸਰਕਾਰ ਵਾਅਦੇਤੋਂ ਭੱਜੇਗੀ ਤਾਂ ਕਿਸਾਨਾਂ ਦੇ ਟਰੈਕਟਰ ਫਿਰ ਅੰਦੋਲਨ ਲਈ ਤਿਆਰ ਹਨ ਅਤੇ ਉਹੀ ਮੋਰਚੇ ਫਿਰ ਜਾ ਕੇ ਲਾਏ ਜਾ ਸਕਦੇ ਹਨ।

ਹੈਰਾਨੀ ਦੀ ਗੱਲ ਸੀ ਕਿ ਬੱਦੋਵਾਲ ਅਤੇ ਖਟਕੜ ਟੋਲ ਪਲਾਜ਼ਾ ਉੱਤੇ ਗੁਰਨਾਮ ਸਿੰਘ ਚੜੂੰਨੀ ਪਹਿਲਾਂ ਆਏ ਸਨ,ਪਰ ਉਹ ਰਾਕੇਸ਼ ਟਿਕੈਤ ਦੇ ਆਉਣ ਤੋਂ ਪਹਿਲਾਂ ਦੋਵੇਂ ਥਾਂਵਾਂ ਤੋਂ ਚਲੇ ਗਏ। ਬੱਦੋਵਾਲ ਟੋਲ ਪਲਾਜ਼ਾ ਵਿਖੇ ਉੱਤੇ ਚੜੂੰਨੀ ਨੇ ਕਿਹਾ ਕਿ ਜਦੋਂ ਤਕ ਕਿਸਾਨਾਂ ਲਈ ਨੀਤੀ ਬਣਾਉਣ ਵਿੱਚ ਕਿਸਾਨ ਦੀ ਭੂਮਿਕਾ ਨਾ ਹੋਵੇਗੀ, ਕਿਸਾਨਾਂ ਦੇ ਹਾਲਾਤ ਨਹੀਂ ਸੁਧਰ ਸਕਦੇ, ਇਸ ਦੀ ਸ਼ੁਰੂਆਤ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਕੀਤੀ ਜਾਵੇਗੀ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਰਹਿ ਗਏ ਚੋਣਾਂ ਦੇ ਲਈ ਹਨ ਦਿਨ ਥੋੜ੍ਹੇ,
ਜ਼ਾਬਤਾ ਚੋਣ ਦਾ ਹੈ ਲਾਇਆ ਜਾ ਸਕਦਾ।
ਹੁੰਦੀਆਂ ਬੈਠਕਾਂ ਦਿੱਲੀ ਵੱਲ ਦਿਨੇ-ਰਾਤੀਂ,
ਐਲਾਨ ਕਿਸੇ ਵੀ ਵਕਤ ਬਈ ਆ ਸਕਦਾ।
ਮੰਤਰੀ ਵੰਡਣ ਗਰਾਂਟਾਂ ਲਈ ਚੈੱਕ ਰੁੱਝੇ,
ਚੋਣ ਕਮਿਸ਼ਨ ਬਰੇਕ ਜਿਹੀ ਲਾ ਸਕਦਾ।
ਨਾਢੂ ਖਾਨ ਹਨ ਜਿਹੜੇ ਕੁਝ ਬਣੇ ਫਿਰਦੇ,
ਇੱਕ ਦਮ ਨੱਥ ਉਹ ਉਨ੍ਹਾਂ ਨੂੰ ਪਾ ਸਕਦਾ।
ਲੱਗ ਗਈ ਚਿੰਤਾ ਵਜ਼ੀਰਾਂ ਨੂੰ ਸੁਣੀ ਜਾਂਦੀ,
ਹੋਇਆ ਕੰਮ ਨਹੀਂ ਆਖਦੇ ਖਾਸ ਮਿੱਤਰ।
ਓਦਾਂ ਕਸਰ ਕਮਾਈਆਂ ਦੀ ਰਹੀ ਨਹੀਓਂ,
ਇਸੇ ਈ ਗੱਲ ਦਾ ਬੱਸ ਧਰਵਾਸ ਮਿੱਤਰ।

**ਤੀਸ ਮਾਰ ਖਾਂ**

# ਮੋਗਾ ਰੈਲੀ ਵਿੱਚ ਵੱਡੇ ਬਾਦਲ ਨੇ ਕਿਹਾ: ਐਤਕੀਂ ਚੋਣ ਨਤੀਜੇ ਸਭ ਨੂੰ ਹੈਰਾਨ ਕਰਨਗੇ

### * 2004 ਦੀ ਪੈਨਸ਼ਨ ਸਕੀਮ ਬਹਾਲੀ ਬਾਰੇ ਸੁਖਬੀਰ ਵੱਲੋਂ ਵਾਅਦਾ * ਸੁਖਬੀਰ ਨੂੰ ਮੁੱਖ ਮੰਤਰੀ ਉਮੀਦਵਾਰ ਐਲਾਨਣ ਬਾਰੇ ਵੱਡੇ ਬਾਦਲ ਚੁੱਪ

ਮੋਗਾ, 14 ਦਸੰਬਰ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੀ ਪਾਰਟੀ ਦੀ ਹੋਂਦ ਦੇ ਸੌ ਸਾਲ ਮੁਕੰਮਲ ਹੋਣ ਮੌਕੇ ਅੱਜਮੋਗਾ ਦੇ ਪਿੰਡ ਕਿੱਲੀ ਚਾਹਲਾਂ ਵਿਖੇ ਕੀਤੀ ਰੈਲੀ ਦੌਰਾਨ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਤੋਂ ਇਲਾਵਾ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਵੀ ਉਚੇਚੇ ਪਹੁੰਚੇ। ਇਸ ਮੌਕੇ ਵੱਡੇ ਬਾਦਲ ਨੇ ਕਿਹਾ ਕਿ ਇਸ ਵਾਰਵਿਧਾਨ ਸਭਾ ਚੋਣਾਂ ਦੇ ਨਤੀਜੇ ਹੈਰਾਨੀ ਵਾਲੇ ਹੋਣਗੇ। ਉਨ੍ਹਾਂ ਕਿਹਾ ਕਿ ਜਿੰਦਾਂ ਦੇ ਨਤੀਜੇ ਬਾਬੂ ਕਾਂਸ਼ੀ ਰਾਮ ਨਾਲ ਅਕਾਲੀ ਦਲ ਦੀ ਸਾਂਝ ਵੇਲੇ ਪਾਰਲੀਮੈਂਟ ਚੋਣਾਂ ਸਮੇਂ ਵਿੱਚ ਆਏ ਸਨ, ਇਸ ਵਾਰੀ ਵੀ ਉਹੋ ਜਿਹੇ ਆਉਣਗੇ, ਕਿਉਂਕਿ ਅਕਾਲੀ ਦਲ-ਬਸਪਾ ਗਠਜੋੜ ਪਹਿਲਾਂ ਵੀ ਇਤਿਹਾਸਕ ਜਿੱਤ ਪ੍ਰਾਪਤ ਕਰ ਚੁੱਕਾ ਹੈ।

ਰੈਲੀ ਵਿੱਚ ਬੋਲਦਿਆਂ ਪੰਜ ਵਾਰੀਆਂ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ 'ਪੰਜਾਬਵਿੱਚ ਸਾਡੀ ਸਰਕਾਰ ਬਣੇ ਜਾ ਨਾ, ਪਰ ਸਿੱਖਾਂ ਨੇ ਗੁਰ-ਧਾਮਾਂ ਦੀ ਸੰਭਾਲ ਦੀ ਸੇਵਾ ਹਮੇਸ਼ਾ ਅਕਾਲੀ ਦਲ ਨੂੰ ਦਿੱਤੀ ਹੈ।ਵਿਧਾਨ ਸਭਾ ਚੋਣਾਂ ਜਨਤਾ ਦੀ ਕਿਸਮਤਅਤੇ ਭਵਿੱਖ ਦਾ ਫ਼ੈਸਲਾ ਕਰਨਗੀਆਂ, ਭਲਾ ਤਦੇ ਹੋ ਸਕਦਾ ਹੈ, ਜੇ ਜਨਤਾ ਦੀ ਸਰਕਾਰ ਬਣੇਗੀ। ਸਰਕਾਰ ਕੋਈ ਹੋਵੇ, ਲੋਕਾਂ ਦਾ ਭਲਾ ਉਹੀ ਕਰੇਗੀ, ਜਿਸ ਦਾ ਮਨ, ਦਿਲ-ਦਿਮਾਗ ਤੇ ਨੀਤ ਸਾਫ ਹੋਵੇਗੀ।'ਵੱਡੇ ਬਾਦਲ ਨੇ ਕਿਹਾ ਕਿ ਅਕਾਲੀ ਸਰਕਾਰ ਨੇ ਲੋਕਾਂ ਦੀ ਭਲਾਈ ਲਈ ਆਟਾ ਦਾਲ ਸਕੀਮ ਲਿਆਂਦੀ, ਗਰੀਬਾਂ ਦੇ ਪੜ੍ਹਨ ਲਈ ਚੰਗੇ ਸਕੂਲਦਿੱਤੇ, ਪੈਨਸ਼ਨ ਸਕੀਮ ਚਲਾਈ। ਉਨ੍ਹਾਂ ਕਿਹਾ ਕਿਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਪਹਿਲਾਂ ਬਾਬੂ ਕਾਂਸ਼ੀ ਰਾਮ ਦੇ



ਵਕਤਮਿਲ ਕੇ ਕੰਮ ਕਰ ਚੁੱਕੇ ਹਨ, ਜਿਸ ਵਿੱਚ ਗਠਜੋੜ ਨੂੰ ਇਤਿਹਾਸ ਜਿੱਤ ਮਿਲੀ ਸੀ।

ਅਕਾਲੀ ਦਲ ਦੀ ਸਥਾਪਨਾ ਸ਼ਤਾਬਦੀ ਰੈਲੀਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ 13 ਸਹੂਲਤਾਂ ਦੇਣ ਦਾ ਐਲਾਨ ਕਰ ਕੇ ਮੁੱਖਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲਦੀ ਨੁਕਤਾਚੀਨੀ ਕੀਤੀ। ਉਨ੍ਹਾਂ ਕਿਹਾ ਕਿ ਸੱਤਾ ਵਿੱਚ ਆਉਣ ਉੱਤੇ 2004 ਵਾਲੀ ਪੈਨਸ਼ਨ ਸਕੀਮ ਨੂੰ ਫਿਰ ਚਾਲੂਕਰਾਂਗੇ। ਵਰਨਣ ਯੋਗ ਹੈ ਕਿ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਲਈ ਪੈਨਸ਼ਨ ਸਹੂਲਤ ਬੰਦ ਹੋ ਚੁੱਕੀ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਔਰਤਾਂ ਨੂੰ ਹਰ ਮਹੀਨੇ ਦੋ ਹਜ਼ਾਰ ਰੁਪਏ ਦਿੱਤੇ ਜਾਣਗੇ, ਜੋਸਿੱਧੇ ਉਨ੍ਹਾਂ ਦੇ ਖਾਤੇ ਵਿੱਚ ਜਾਣਗੇ। ਇਹ ਵੀ ਜ਼ਿਕਰ ਯੋਗ ਹੈ ਕਿ ਕੁਝ ਦਿਨ ਪਹਿਲਾਂ ਅਰਵਿੰਦ ਕੇਜਰੀਵਾਲ ਹਰ ਔਰਤ ਨੂੰ ਇਕ ਹਜ਼ਾਰ ਰੁਪਏ ਦੇਣ ਦਾ ਵਾਅਦਾ ਕਰ ਕੇ ਗਏ ਹਨ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਨੁਸੂਚਿਤ ਜਾਤੀ ਲੋਕਾਂ ਨੂੰ ਦਿੱਤੀ ਜਾਂਦੀ 200 ਯੂਨਿਟ ਮੁਫ਼ਤ ਬਿਜਲੀ ਵਧਾ ਕੇ 400 ਯੂਨਿਟ ਕੀਤੀ ਜਾਵੇਗੀ ਤੇ ਕੁਦਰਤੀ ਆਫਤ ਨਾਲ ਨੁਕਸਾਨ ਬਦਲੇ ਕਿਸਾਨਾਂ ਨੂੰ 50 ਹਜ਼ਾਰ ਰੁਪਏ ਏਕੜ ਬੀਮਾ ਕਲੇਮ ਮਿਲੇਗਾ, ਜਿਸ ਦਾ ਪ੍ਰੀਮੀਅਮ ਸਰਕਾਰ ਦੇਵੇਗੀ।ਉਨ੍ਹਾ ਕਿਹਾ ਕਿ ਹਰ ਕਿਸੇ ਨੂੰ ਦਸ ਲੱਖ ਰੁਪਏ ਦਾ ਸਿਹਤ ਬੀਮਾ ਦਿਆਂਗੇ, ਜਿਸ ਦਾ ਪ੍ਰੀਮੀਅਮ ਸਰਕਾਰ ਦੇਵੇਗੀ। ਛੋਟੇ ਦੁਕਾਨਦਾਰਾਂ ਨੂੰ ਦਸ ਲੱਖ ਦੇ ਸੁਰੱਖਿਆ ਕਲੇਮ, ਫਾਇਰ ਬੀਮਾ ਕਲੇਮ ਦੀ ਸਹੂਲਤ ਦੇਵਾਂਗੇ।

ਹੈਰਾਨੀ ਦੀ ਗੱਲ ਹੈ ਕਿ ਅਕਾਲੀ ਦਲ ਦੀ ਸਹਿਯੋਗੀ ਧਿਰਬਹੁਜਨ ਸਮਾਜ ਪਾਰਟੀ ਦੇ ਨੈਸ਼ਨਲ ਸੈਕਟਰੀ ਸਤੀਸ਼ ਚੰਦਰ ਮਿਸ਼ਰਾ ਨੇ ਮੰਚ ਤੋਂ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਮੰਤਰੀ ਉਮੀਦਵਾਰ ਐਲਾਨਣ ਦੀ ਅਪੀਲ ਕੀਤੀ, ਪਰ ਓਥੇ ਮੌਜੂਦ ਅਕਾਲੀਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਇਸਦੀ ਪ੍ਰਤੀਕਿਰਿਆ ਦੇਣ ਦੀ ਥਾਂ ਸਿਰਫ਼ ਏਨਾ ਕਿਹਾ ਕਿ ਪਾਰਟੀ ਪ੍ਰਧਾਨ ਦੇ ਜਿਹੜੇ ਵੀ ਆਦੇਸ਼ ਹੋਣਗੇ, ਉਸ ਨੂੰ ਪ੍ਰਤੀਬੱਧਤਾ ਨਾਲ ਨਿਭਾਇਆ ਜਾਵੇਗਾ।

# 5 ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਲਈ ਤਰੀਕਾਂ ਦਾ ਐਲਾਨ ਕਿਸੇ ਵੇਲੇ ਵੀ ਆ ਸਕਦੈ



ਨਵੀਂ ਦਿੱਲੀ, 14 ਦਸੰਬਰ, (ਪੋਸਟ ਬਿਊਰੋ)-ਭਾਰਤ ਵਿੱਚ ਸਾਲ 2022 ਸ਼ੁਰੂ ਹੁੰਦੇ ਸਾਰ ਹੋਣ ਵਾਲੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਲਈ ਤਰੀਕਾਂ ਦਾ ਐਲਾਨ ਕਿਸੇ ਵੀ ਸਮੇਂ ਆ ਸਕਦਾ ਹੈ। ਚੋਣ ਕਮਿਸ਼ਨ ਨੇ ਇਸ ਸੰਬੰਧੀ ਕੁਝ ਸੰਕੇਤ ਦਿੱਤੇ ਹਨ, ਜਿਨ੍ਹਾਂ ਕਾਰਨ ਸਭ ਦਾ ਧਿਆਨ ਦਿੱਲੀ ਵੱਲ ਲੱਗ ਗਿਆ ਹੈ।

ਵਰਣਨ ਯੋਗ ਹੈ ਕਿ ਉੱਤਰ ਪ੍ਰਦੇਸ਼, ਉੱਤਰਾਖੰਡ, ਗੋਆ, ਪੰਜਾਬ ਤੇ ਮਨੀਪੁਰ ਦੀਆਂ ਵਿਧਾਨ ਸਭਾ ਚੋਣਾਂ ਅਗਲੇ ਸਾਲ ਫਰਵਰੀ-ਮਾਰਚ ਵਿੱਚ ਹੋਣੀਆਂ ਹਨ। ਚੋਣ ਕਮਿਸ਼ਨ ਇਸ ਦੀਆਂ ਤਿਆਰੀਆਂ ਪਰਖਣ ਲਈ ਇਸ ਹਫਤੇ ਪੰਜਾਬ ਤੋਂ ਆਪਣਾ ਰਵਾਇਤੀ ਦੌਰਾ ਕਰ ਰਿਹਾ ਹੈ। ਚੋਣ ਤਰੀਕਾਂ ਮਿਥਣ ਤੋਂ ਪਹਿਲਾਂ ਕਮਿਸ਼ਨ ਇਨ੍ਹਾਂ ਪੰਜ ਰਾਜਾਂ ਦੀਆਂ ਸਾਰੀਆਂ ਸਬੰਧਤ ਧਿਰਾਂ ਨਾਲ ਗੱਲਬਾਤ ਕਰਨਾ ਚਾਹੁੰਦਾ ਹੈ। ਫਰਵਰੀ ਵਿੱਚ ਵੋਟਿੰਗ ਸ਼ੁਰੂ ਹੋਣ ਤੇ ਉੱਤਰ ਪ੍ਰਦੇਸ਼ ਵਰਗੇ ਰਾਜ ਵਿੱਚ 6 ਤੋਂ 8 ਪੜਾਵਾਂ ਵਿੱਚ ਚੋਣਾਂ ਕਰਾਏ ਜਾਣ ਦੀ ਆਸ ਹੈ। ਮਿਲੀਆਂ ਰਿਪੋਰਟਾਂ ਮੁਤਾਬਕ ਪੰਜਾਬ ਤੋਂ ਬਾਅਦ ਚੋਣ ਕਮਿਸ਼ਨ ਚੋਣ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਅਗਲੇ ਹਫਤੇ ਗੋਆ ਤੇ ਫਿਰ ਉਤਰਾਖੰਡ ਦਾ ਦੌਰਾ ਕਰ ਸਕਦਾ ਹੈ।ਇਸ ਸਮੇਂ ਸੁਸ਼ੀਲ ਚੰਦਰਾ ਚੋਣ ਕਮਿਸ਼ਨ ਦੇਮੁੱਖ ਚੋਣ ਕਮਿਸ਼ਨਰ ਅਤੇ ਰਾਜੀਵ ਕੁਮਾਰ ਅਤੇ ਅਨੂਪ ਚੰਦਰ ਪਾਂਡੇ ਉਨ੍ਹਾ ਨਾਲ ਚੋਣ ਕਮਿਸ਼ਨਰ ਹਨ। ਉਹ ਇਸ ਵਕਤ ਚੋਣ ਤਿਆਰੀਆਂ ਵਿੱਚ ਰੁੱਝੇ ਹੋਏ ਸੁਣੀਂਦੇ ਹਨ।

# ਪੰਜਾਬੀ ਗਾਇਕ ਬੱਬੂ ਮਾਨ ਨੇ ਵਿਧਾਨ ਸਭਾ ਚੋਣਾਂ ਲੜਨ ਲਈ 'ਜੂਝਦਾ ਪੰਜਾਬ' ਜੱਥੇਬੰਦੀ ਬਣਾਈ

### * ਸਰਦਾਰ ਅਲੀ ਕੈਪਟਨ ਨਾਲ ਜੁੜਿਆ, ਬੂਟਾ ਮੁਹੰਮਦ ਭਾਜਪਾ ਨਾਲ

ਚੰਡੀਗੜ੍ਹ, 14 ਦਸੰਬਰ, (ਪੋਸਟ ਬਿਊਰੋ)-ਚੋਣਾਂ ਵਿੱਚ ਲੋਕ ਮੁੱਦਿਆਂ ਲਈ ਵੱਖ-ਵੱਖ ਖੇਤਰਾਂ ਵਿਚਲੇ ਬੁੱਧੀਜੀਵੀਆਂ ਨੇ 'ਜੂਝਦਾ ਪੰਜਾਬ' ਜਥੇਬੰਦੀ ਬਣਾਈ ਹੈ, ਜਿਹੜੀ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਸਰਗਰਮ ਹੋਣ ਦੇ ਲਈ ਤਿਆਰ ਹੈ। ਇਸ ਦੇ ਮੋਹਰੀਆਂ ਵਿੱਚ ਪੰਜਾਬੀ ਗਾਇਕ ਬੱਬੂ ਮਾਨ ਵੀ ਹਨ।

'ਜੂਝਦਾ ਪੰਜਾਬ' ਦੇ ਮੈਂਬਰਾਂ, ਜਿਨ੍ਹਾਂ ਵਿੱਚ ਗਾਇਕ ਬੱਬੂਮਾਨ, ਅਭਿਨੇਤਰੀ ਗੁਲ ਪਨਾਗ, ਖੇਤੀ ਮਾਹਿਰ ਦਵਿੰਦਰ ਸ਼ਰਮਾ, ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਜੱਸਾ ਪੱਟੀ, ਸਾਬਕਾ ਕਮਿਸ਼ਨਰ (ਖੇਤੀ) ਬਲਵਿੰਦਰ ਸਿੰਘ ਸਿੱਧੂ, ਬੁੱਧੀਜੀਵੀ ਡਾ. ਸ਼ਿਆਮ ਸੁੰਦਰ ਦੀਪਤੀ, ਜੱਸ ਬਾਜਵਾ, ਪੱਤਰਕਾਰ ਦੀਪਕ ਸ਼ਰਮਾ ਚਨਾਰਥਲ, ਰਮਨਿੰਦਰ ਕੌਰ ਭਾਟੀਆ, ਸਰਬਜੀਤ ਸਿੰਘ ਧਾਲੀਵਾਲ, ਅਮਿਤੋਜ ਮਾਨ, ਹਮੀਰ ਸਿੰਘ ਅਤੇ ਗਾਇਕ ਰਣਜੀਤ ਬਾਵਾ ਸ਼ਾਮਲ ਹਨ, ਨੇ ਅੱਜ ਪੰਜਾਬਦੇ ਵਿਕਾਸ ਤੇ ਲੋਕ ਭਲਾਈ ਲਈ 32 ਮੁੱਦਿਆ ਦਾ ਏਜੰਡਾ ਜਾਰੀ ਕੀਤਾ, ਜਿਸ ਵਿੱਚ ਚੋਣ ਮੈਨੀਫੈਸਟੋ ਨੂੰ ਕਾਨੂੰਨੀ ਕਰਨ ਅਤੇ ਤੈਅ ਸਮੇਂ ਵਿੱਚ ਚੋਣ ਵਾਅਦੇ ਪੂਰੇ ਨਾ ਕਰਨਵਾਲੇ ਵਿਧਾਇਕ ਦਾ ਅਹੁਦਾ ਖੋਹਣ ਦਾ ਜ਼ਿਕਰ ਕੀਤਾ ਹੈ। ਇਸ ਦੇ ਨਾਲ ਫੈਡਰਲ ਢਾਂਚੇ ਦੀ ਬਹਾਲੀ, ਖੇਤੀ ਬਾਰੇ ਪਾਲਿਸੀ ਬਣਾਉਣ ਤੇ ਵਿਧਾਨ ਸਭਾ ਚੋਣਾਂ ਵਿੱਚ ਔਰਤਾਂ ਲਈ 33 ਫ਼ੀਸਦ ਸੀਟਾਂ ਰਾਖਵੀਂਆਂ ਰੱਖਣ ਦੀ ਮੰਗ ਕੀਤੀ ਹੈ।ਜਥੇਬੰਦੀ ਦੇ ਏਜੰਡੇ ਵਿੱਚਪੰਜਾਬਦਾਜਮਹੂਰੀ



ਢਾਂਚਾ ਬਹਾਲ ਕਰਨ, ਖੇਤੀਬਾੜੀ ਸਿਸਟਮਦੇ ਸੁਧਾਰ ਲਈ ਕਮਿਸ਼ਨ ਬਣਾਉਣ, ਮਨਰੇਗਾ ਕਾਨੂੰਨ ਨੂੰ ਠੀਕਤਰ੍ਹਾਂ ਲਾਗੂ ਕਰਨ ਅਤੇ ਭ੍ਰਿਸ਼ਟਾਚਾਰ ਅਤੇ ਟਰਾਂਸਪੋਰਟ, ਸ਼ਰਾਬ ਮਾਫੀਆ ਖ਼ਤਮ ਕਰਨ ਦੀ ਗੱਲ ਲਿਖੀ ਹੈ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ 'ਜੂਝਦਾ ਪੰਜਾਬ' ਇਨ੍ਹਾਂ ਮੁੱਦਿਆਂ ਲਈ ਉਹ ਲੋਕਾਂ ਵਿੱਚ ਜਾਵੇਗਾ। ਉਨ੍ਹਾਂ ਨੇ ਰਾਜਸੀ ਆਗੂਆਂ ਨੂੰ ਅਪੀਲ ਕੀਤੀ ਕਿ ਮੁਫ਼ਤਖੋਰੀ ਦੀ ਰਾਜਨੀਤੀ ਕਰਨ ਦੀ ਥਾਂ ਰਾਜ ਦੇ ਅਧਿਕਾਰਾਂ ਲਈ ਏਜੰਡੇ ਉੱਤੇ ਪਹਿਰਾ ਦੇਣ।

ਓਧਰ ਪਟਿਆਲਾ ਵਿੱਚਪੰਜਾਬੀ ਦੇਪ੍ਰਸਿੱਧ ਗਾਇਕ ਸਰਦਾਰ ਅਲੀ ਕੈਪਟਨ ਅਮਰਿੰਦਰ ਸਿੰਘ ਦੀ ਨਵੀਂ ਪਾਰਟੀ 'ਪੰਜਾਬ ਲੋਕ ਕਾਂਗਰਸ' ਵਿੱਚ ਸ਼ਾਮਲ ਹੋ ਗਏ ਹਨ।ਅੱਜ ਸਵੇਰੇ ਜਦੋਂ ਬੂਟਾ ਮੁਹੰਮਦ ਦੀ ਫੋਟੋ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਆਈ ਤਾਂ ਉਸ ਦੇ ਪੰਜਾਬ ਲੋਕ ਕਾਂਗਰਸ ਵਿੱਚ ਜਾਣ ਬਾਰੇ ਚਰਚੇ ਸਨ, ਸੀ।ਇਸ ਪਿੱਛੋਂ ਉਨ੍ਹਾਂ ਸਪੱਸ਼ਟੀਕਰਨ ਦਿੱਤਾ ਕਿ ਉਹ 'ਪੰਜਾਬ ਲੋਕ ਕਾਂਗਰਸ' ਵਿੱਚ ਨਹੀਂ, ਭਾਜਪਾ ਵਿੱਚ ਸ਼ਾਮਲ ਹੋਏ ਹਨ ਅਤੇ ਗਾਇਕ ਸਰਦਾਰ ਅਲੀ ਨੇ ਪੰਜਾਬ ਲੋਕ ਕਾਂਗਰਸ ਵਿੱਚ ਗਏ ਹਨ।ਬੂਟਾ ਮੁਹੰਮਦ ਨੇ ਕਿਹਾ ਕਿ ਮੈਂ ਸਰਦਾਰ ਅਲੀ ਨੂੰ ਪੰਜਾਬ ਲੋਕ ਕਾਂਗਰਸ ਵਿੱਚ ਸ਼ਾਮਲ ਕਰਵਾਉਣ ਲਈ ਕੈਪਟਨ ਅਮਰਿੰਦਰ ਸਿੰਘ ਕੋਲ ਗਿਆ ਸਾਂ, ਉਨ੍ਹਾਂ ਨੇ ਮੇਰਾ ਵੀ ਸਨਮਾਨ ਕਰ ਦਿੱਤਾ। ਦੂਸਰੇ ਪਾਸੇ ਲੁਧਿਆਣਾ ਦੇ ਮੁੱਲਾਂਪੁਰ ਵਿਖੇ ਭਾਜਪਾ ਦੀਰੈਲੀ ਦੌਰਾਨ ਗਾਇਕ ਬੂਟਾ ਮੁਹੰਮਦ ਸਣੇ 21 ਲੋਕਾਂ ਨੇ ਭਾਜਪਾ ਦਾ ਪੱਲਾ ਫੜ ਲਿਆ ਹੈ, ਜਿਨ੍ਹਾਂ ਵਿੱਚ ਐੱਸ ਆਰ ਲੱਧੜ ਪ੍ਰਧਾਨ ਕਿਰਤੀ ਕਿਸਾਨ ਸ਼ੇਰੇ ਪੰਜਾਬ ਪਾਰਟੀ ਪੰਜਾਬ ਤੇ ਹਰਪਾਲ ਸਿੰਘ ਜੱਲ੍ਹਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੌਧਰੀ ਮੋਹਣ ਲਾਲ ਬੰਗਾ ਸਾਬਕਾ ਵਿਧਾਇਕ ਅਤੇ ਗਾਇਕ ਹਾਕਮ ਬਖਤੜੀਵਾਲਾ, ਗਾਇਕ ਮਲਕੀਤ ਸਿੰਘ ਮੰਗਾ, ਅਸ਼ੋਕ ਬਾਠ ਸਾਬਕਾ ਐੱਸ ਐੱਸ ਪੀਤੇ ਹੋਰ ਕਈ ਲੋਕ ਸ਼ਾਮਲ ਹੈ। ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਇਨ੍ਹਾਂ ਨੂੰ ਸਨਮਾਨਿਤ ਕੀਤਾ।

# ਸਾਧੂ ਯਾਦਵ ਨੇ ਕਿਹਾ: ਰਾਬੜੀ ਦੇਵੀ ਯਾਦਵ ਨਹੀਂ, ਰਾਜਪੂਤ

### *ਲਾਲੂ ਯਾਦਵ ਬਾਰੇ ਕਿਹਾ: ਉਹ ਚਪੜਾਸੀ ਬਣਨ ਦੇ ਲਾਇਕ ਨਹੀਂ

ਪਟਨਾ, 14 ਦਸੰਬਰ (ਪੋਸਟ ਬਿਊਰੋ)- ਤੇਜਸਵੀ ਯਾਦਵ ਦੇ ਵਿਆਹ ਦਾ ਸੱਦਾ ਨਾ ਮਿਲਣ ਤੋਂ ਨਾਰਾਜ਼ ਉਸ ਦੇ ਮਾਮਾ ਸਾਧੂ ਯਾਦਵ ਉੱਤੇ ਤੇਜਪ੍ਰਤਾਪ ਯਾਦਵ ਵੱਲੋਂ ਨਿਸ਼ਾਨਾ ਵਿੰਨ੍ਹੇ ਜਾਣ ਉੱਤੇ ਪਲਟਵਾਂ ਵਾਰ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਰਾਬੜੀ ਦੇਵੀ ਯਾਦਵ ਨਹੀਂ, ਉਹ ਰਾਜਪੂਤ ਹੈ। ਨਾਲ ਉਨ੍ਹਾਂ ਲਾਲੂ ਯਾਦਵ ਉੱਤੇ ਨਿਸ਼ਾਨਾ ਵਿੰਨ੍ਹਦੇ ਹੋਏ ਕਿਹਾ ਕਿ ਉਨ੍ਹਾਂ ਨੇ ਲਾਲੂ ਪ੍ਰਸਾਦ ਯਾਦਵ ਅਤੇ ਭੈਣ ਰਾਬੜੀ ਨੂੰ ਮੁੱਖ ਮੰਤਰੀ ਬਣਵਾਇਆ, ਨਹੀਂ ਤਾਂ ਲਾਲੂ ਯਾਦਵ ਚਪੜਾਸੀ ਬਣ ਸਕਣ ਦੇ ਕਾਬਲ ਨਹੀਂ ਹੈ। ਉਨ੍ਹਾਂ ਕਿਹਾ ਕਿ ਸੁਭਾਸ਼ ਯਾਦਵ ਅਤੇ ਪ੍ਰਭੂਨਾਥ ਯਾਦਵ ਉਨ੍ਹਾਂ ਦੇ ਭਰਾ ਹੋ ਸਕਦੇ ਹਨ, ਪਰ ਸਾਧੂ ਯਾਦਵ ਉਨ੍ਹਾਂ ਦਾ ਭਰਾ ਨਹੀਂ ਹੈ। ਉਨ੍ਹਾਂ ਕਿਹਾ ਕਿ ਲਾਲੂ ਯਾਦਵ ਮੇਰੀ ਗੱਲ ਉੱਤੇ ਰਹਿੰਦੇ ਤਾਂ ਉਨ੍ਹਾਂ ਦਾ ਇੰਨਾ ਬੁਰਾ ਹਾਲ ਨਾ ਹੁੰਦਾ, ਜਿਸ ਸ਼ਿਵਾਨੰਦ ਤਿਵਾੜੀ ਨੇ ਚਾਰਾ ਘੁਟਾਲੇ ਵਿੱਚ ਕੇਸ ਕਰਕੇ ਉਨ੍ਹਾਂ ਨੂੰ ਜੇਲ੍ਹ ਭਿਜਵਾਇਆ, ਉਸੇ ਦਾ ਬੇਟਾ ਵਾਰ-ਵਾਰ ਐਮ ਐਲ ਏ ਬਣਾਇਆ ਜਾ ਰਿਹਾ ਹੈ ਅਤੇ ਸਲਾਹਕਾਰ ਬਣਿਆ ਹੋਇਆ ਹੈ।

ਲਾਲੂ ਪ੍ਰਸਾਦ ਦੇ ਸਾਲ ਸਾਧੂ ਯਾਦਵ ਨੇ ਕਿਹਾ ਕਿ ਪ੍ਰਕਾਸ਼ ਝਾਅ ਨੂੰ ਪੈਸੇ ਦੇ ਕੇ ਗੰਗਾਜਲ ਫਿਲਮ ਬਣਵਾਈ ਗਈ ਤਾਂ ਜੋ ਉਨ੍ਹਾਂ ਦਾ ਅਕਸ ਖ਼ਰਾਬ ਕਰਾਇਆ ਜਾਵੇ। ਉਸ ਨੇ ਦੋਸ਼ ਲਾਇਆ ਕਿ ਸੱਤਾ ਵਿੱਚ ਹੁੰਦਿਆਂ ਲਾਲੂ ਪ੍ਰਸਾਦ ਯਾਦਵ ਨੇ ਅਪਰਾਧੀਆਂ ਨੂੰ ਸਰਪ੍ਰਸਤੀ ਦਿੱਤੀ ਤੇ ਸਾਰਾ ਦੋਸ਼ ਮੇਰੇ ਉੱਤੇ ਮੜ੍ਹ ਦਿੱਤਾ। ਇਸ ਮੌਕੇ ਸਾਧੂ ਯਾਦਵ ਨੇ ਤੇਜਪ੍ਰਤਾਪ ਯਾਦਵ ਦੇ ਚਰਿੱਤਰ ਉੱਤੇ ਸਵਾਲ ਉਠਾ ਕੇ ਉਸ ਨੂੰ ਅੱਯਾਸ਼ ਕਿਹਾ। ਉਨ੍ਹਾਂ ਕਿਹਾ ਕਿ ਪਟਨਾ ਦੀ ਇੱਕ ਦੂਸਰੀ ਜਾਤੀ ਦੀ ਲੜਕੀ ਨਾਲ ਤੇਜਪ੍ਰਤਾਪ ਯਾਦਵ ਦੇ ਨਾਜਾਇਜ਼ ਸੰਬੰਧ ਹਨ। ਇਸ ਨੂੰ ਲੁਕਾਉਣ ਲਈ ਲਾਲੂ ਯਾਦਵ ਨੇ 5 ਕਰੋੜ ਰੁਪਏ ਦੇ ਕੇ ਉਸ ਨੂੰ ਦਿੱਲੀ ਦੇ ਇੱਕ ਹੋਟਲ ਵਿੱਚ ਰੱਖਿਆ ਹੈ। ਸਾਧੂ ਯਾਦਵ ਨੇ ਤੇਜਪ੍ਰਤਾਪ ਦੇ ਇੱਕ ਹੋਰ ਲੜਕੀ ਨਾਲ ਵੀ ਨਾਜਾਇਜ਼ ਸੰਬੰਧਾਂ ਦਾ ਦਾਅਵਾ ਕੀਤਾ। ਉਨ੍ਹਾਂ ਕਿਹਾ ਕਿ ਇਸੇ ਕਾਰਨ ਦਰੋਗਾ ਰਾਏ ਦੀ ਪੋਤੀ ਨਾਲ ਉਸ ਦਾ ਤਲਾਕ ਹੋ ਗਿਆ।

# ਪੰਜਾਬ ਕੈਬਨਿਟ ਦੀ ਮੀਟਿੰਗ ਮਗਰੋਂ ਚੰਨੀ ਵੱਲੋਂ ਲੋਕਾਂ ਲਈ ਸਹੂਲਤਾਂ ਦੇ ਕਈ ਵੱਡੇ ਐਲਾਨ

ਚੰਡੀਗੜ੍ਹ, 14 ਦਸੰਬਰ, (ਪੋਸਟ ਬਿਊਰੋ)-ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅੱਜ ਕੈਬਨਿਟ ਮੀਟਿੰਗ ਦੇ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਲੋਕਾਂ ਲਈ ਕਈ ਅਹਿਮ ਐਲਾਨ ਕੀਤੇ ਹਨ।

ਮੀਡੀਆ ਨਾਲ ਗੱਲਬਾਤ ਦੌਰਾਨਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਸਮਾਜ ਦੇ ਆਰਥਿਕ ਪੱਖ ਤੋਂ ਕਮਜ਼ੋਰ ਵਰਗਾਂ ਨੂੰ ਮਕਾਨ ਦੇਣ ਲਈ ਪੰਜਾਬ ਸਰਕਾਰ ਨੇ ਅੱਜ ਵੱਖ-ਵੱਖ ਸ਼ਹਿਰੀ ਵਿਕਾਸ ਅਥਾਰਟੀਜ਼ ਵੱਲੋਂ ਬਣਾਏ ਜਾਂਦੇ 25,000 (ਈ ਡਬਲਿਊ



ਐੱਸ -ਇਕਨਾਮੀਕਲੀ ਵੀਕਰ ਸੈਕਸ਼ਨ) ਘਰ ਅਲਾਟ ਕਰਨ ਲਈ ਅਰਜ਼ੀਆਂ ਮੰਗਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ।ਇਹਘਰ ਲਗਭਗ 30 ਵਰਗ ਮੀਟਰ ਦੇ ਹੋਣਗੇ ਤੇ ਇਹ ਸਕੀਮ ਪੰਜਾਬ ਦੇ ਲਗਭਗ 25000 ਪਰਿਵਾਰਾਂ, ਜਿਨ੍ਹਾਂ ਕੋਲ ਰਿਹਾਇਸ਼ੀ ਥਾਂ ਨਹੀਂ, ਨੂੰ ਲਾਭ ਦੇਵੇਗੀ।ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਮੁਤਾਬਕ ਸਰਕਾਰ ਦੇ ਇੱਕ ਹੋਰ ਫੈਸਲੇ ਮੁਤਾਬਕ ਨੁਕਸਾਨੇ ਨਰਮੇ ਦਾ ਪ੍ਰਤੀ ਏਕੜ 17 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਵੇਗਾ।ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪੰਜਾਬ ਵਿੱਚ ਨੌਕਰੀ ਲੈਣ ਲਈ 10ਵੀਂ ਵਿੱਚ ਪੰਜਾਬੀ ਦਾ ਪੇਪਰ ਦੇਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਉਨ੍ਹਾਂ 229 ਸਕੂਲਅਪਗ੍ਰੇਡ ਕਰਨ ਤੇ ਸਫਾਈ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਐਲਾਨ ਵੀ ਕੀਤਾ।

# ਜਾਸੂਸੀ ਕਰਨ ਵਾਲਾ ਪੈਗਾਸਸ ਸਪਾਈਵੇਅਰ ਬੰਦ ਹੋਣ ਲੱਗਾ

### * ਅਮਰੀਕੀ ਕੰਪਨੀ ਨੇ ਖਰੀਦਣ ਵਿੱਚ ਦਿਲਚਸਪੀ ਦਿਖਾਈ

ਤਹਿਰਾਨ, 14 ਦਸੰਬਰ, (ਪੋਸਟ ਬਿਊਰੋ)-ਜਾਸੂਸੀ ਕਰਨ ਵਾਲੇ ਪੈਗਾਸਸ ਸਪਾਈਵੇਅਰ ਵਾਲੀ ਇਸਰਾਈਲੀ ਕੰਪਨੀ ਐੱਨ ਐੱਸ ਓ ਵਿਕਣ ਵਾਲੀ ਹੈ।ਖਬਰ ਏਜੰਸੀ ਦੀ ਰਿਪੋਰਟ ਮੁਤਾਬਕ ਕੰਪਨੀ ਵੇਚਣ ਬਾਰੇ ਕਈ ਇਨਵੈਸਟਮੈਂਟ ਫੰਡ ਨਾਲ ਗੱਲ ਹੋਈ ਹੈ। ਅਮਰੀਕਾ ਦੀਆਂ ਦੋ ਕੰਪਨੀਆਂ ਨੇ ਇਸ ਨੂੰ ਖਰੀਦਣ ਵਿੱਚ ਦਿਲਚਸਪੀ ਦਿਖਾਈ ਹੈ। ਨਾਂ ਨਾ ਦੱਸਣ ਦੀ ਸ਼ਰਤ ਉੱਤੇਜਾਣਕਾਰ ਸੂਤਰਾਂ ਨੇ ਦੱਸਿਆ ਕਿ ਗੱਲਬਾਤ ਬੇਹਦ ਨਿੱਜੀ ਤੌਰ ਉੱਤੇ ਹੋਈ ਹੈ।

ਨਿਊਯਾਰਕ ਦੀ ਇੱਕ ਕੰਪਨੀ, ਜਿਹੜੀ ਇਸ ਨੂੰ ਖਰੀਦਣਾ ਚਾਹੁੰਦੀ ਹੈ, ਦੇ ਨੁਮਾਇੰਦੇ ਨੇ ਜਿਥੇ ਇਸ ਬਾਰੇਕੁਝ ਵੀ ਕਹਿਣ ਤੋਂ ਇਨਕਾਰ ਕੀਤਾ, ਓਥੇ ਸਪਾਈਵੇਅਰ ਬਣਾਉਣ ਵਾਲੇਐੱਨ ਐੱਸ ਓ ਵੱਲੋਂ ਇਸਬਾਰੇ ਚੁੱਪ ਵੱਟੀ ਹੋਈ ਹੈ। ਕਿਹਾ ਜਾ ਰਿਹਾ ਹੈ ਕਿ ਪੈਗਾਸਸ ਦੀ ਜਾਣਕਾਰੀ ਨੂੰ ਸਾਈਬਰ ਪੱਖੋਂਹੋਰ ਪੱਕੀ ਬਣਾਉਣ ਤੇ ਇਜ਼ਰਾਈਲੀ ਕੰਪਨੀ ਦੀ ਡ੍ਰੋਨ ਤਕਨੀਕ ਵਿਕਸਿਤ ਕਰਨ ਲਈ 200 ਮਿਲੀਅਨ ਨਿਵੇਸ਼ਦੀ ਚਰਚਾ ਹੋਈ ਹੈ।ਪੈਗਾਸਸ ਆਈਫੋਨ ਤੇ ਐਂਡ੍ਰਾਇਡ ਸਪਾਈਵੇਅਰ ਕਈ ਡਿਵਾਈਸਿਜ਼ ਨੂੰ ਟਾਰਗੇਟ ਕਰਦਾ ਤੇ ਇੰਸਟਾਲ ਹੋਣ ਉੱਤੇ ਉਸ ਡਿਵਾਈਸ ਦੇ ਆਪਰੇਟਰ ਫੋਨ ਤੋਂ ਚੈਟ, ਫੋਟੋ, ਈਮੇਲ ਅਤੇ ਲੋਕੇਸ਼ਨ ਡਾਟਾ ਲੈ ਸਕਦਾ



ਹੈ। ਯੂਜ਼ਰ ਨੂੰ ਪਤਾ ਵੀ ਨਹੀਂ ਚੱਲਦਾ ਅਤੇ ਪੇਗਾਸਸ ਉਸ ਫੋਨ ਦਾ ਮਾਈਕ੍ਰੋਫੋਨ ਤੇ ਕੈਮਰਾ ਐਕਟੀਵ ਕਰ ਦਿੰਦਾ ਹੈ। ਪੇਗਾਸਸ ਨੂੰ ਕਿਸੇ ਵੀ ਫੋਨ ਜਾਂ ਕਿਸੇ ਹੋਰ ਡਿਵਾਈਸ ਵਿੱਚ ਰਿਮੋਟਲੀ ਸਿਰਫ ਇਕ ਮਿਸਡ ਕਾਲ ਨਾਲ ਇੰਸਟਾਲ ਕੀਤਾ ਜਾ ਸਕਦਾ ਹੈ। ਇਹੋ ਨਹੀਂ, ਵਟਸਐਪ ਮੈਸੇਜ, ਟੈਕਸਟ ਮੈਸੇਜ, ਐੱਸ ਐੱਮ ਐੱਸ ਅਤੇ ਸੋਸ਼ਲ ਮੀਡੀਆ ਰਾਹੀਂ ਵੀ ਇੰਸਟਾਲ ਕੀਤਾ ਜਾ ਸਕਦਾ ਹੈ। ਜਾਸੂਸੀ ਦੇ ਦੋਸ਼ ਲਗਣ ਪਿੱਛੋਂ ਕਈ ਲੋਕਾਂ ਨੇ ਇਸ ਕੰਪਨੀ ਨਾਲ ਆਪਣਾ ਕਾਨਟ੍ਰੈਕਟ ਤੋੜ ਦਿੱਤਾ ਸੀ।ਅਮਰੀਕਾ ਦੇ ਕਾਮਰਸ ਡਿਪਾਰਟਮੈਂਟ ਨੇ ਐੱਨ ਐੱਸ ਓ ਨੂੰ ਬਲੈਕਲਿਸਟ ਵਿੱਚ ਪਾ ਦਿੱਤਾ ਸੀ। ਐਪਲ ਨੇ ਐੱਨ ਐੱਸ ਓ ਨੂੰ ਨੋਟਿਸ ਜਾਰੀ ਕੀਤਾ ਅਤੇ ਕਿਹਾ ਸੀ ਕਿ ਉਹ ਉਸ ਦੇ ਪ੍ਰੋਡਕਟਸ ਤੋਂ ਦੂਰ ਰਹੇ।






# ਮਾਣਮੱਤੀਆਂ ਪ੍ਰਾਪਤੀਆਂ ਕਰਦੀ ਸਮਾਪਤ ਹੋਈ ਦੋ ਰੋਜ਼ਾ ਵਰਲਡ ਪੰਜਾਬੀ ਕਾਨਫ਼ਰੰਸ 2021

ਜਗਤ ਪੰਜਾਬੀ ਸਭਾ , ਕੈਨੇਡਾ ਵੱਲੋਂ 11 -12 ਦਸੰਬਰ 2021 ਨੂੰ ਸੈਂਚਰੀ ਗਾਰਡਨ ਰੀਕਰੇਸ਼ਨ ਸੈਂਟਰ, ਬਰੈਂਪਟਨ, ਕੈਨੇਡਾ ਵਿਖੇ ਆਯੋਜਿਤ ਕੀਤੀ ਗਈ ਵਰਲਡ ਪੰਜਾਬੀ ਕਾਨਫ਼ਰੰਸ ਬਹੁਤ ਹੀ ਸਫ਼ਲਤਾਪੂਰਵਕ ਢੰਗ ਨਾਲ ਸੰਪੂਰਨ ਹੋਈ ਕਾਨਫ਼ਰੰਸ ਦੀ ਸ਼ੁਰੂਆਤ 11 ਦਸੰਬਰ 2021 ਨੂੰ ਸਰਦਾਰ ਸ਼ਬੇਗ ਸਿੰਘ ਕਥੂਰੀਆ ਨੇ ਰੀਬਨ ਕੱਟ ਕੇ ਕੀਤੀ। ਸ਼ਮਾ ਰੌਸ਼ਨ ਕਰਨ ਦੀ ਰਸਮ ਹਰਿੰਦਰ ਬਰਾੜ, ਗੁਰਪ੍ਰੀਤ ਸਿੰਘ ਢਿੱਲੋਂ ਰੀਜ਼ਨਲ ਕੌਂਸਲਰ, ਹਰਕੀਰਤ ਸਿੰਘ ਸਿਟੀ ਕੌਂਸਲਰ, ਰਿੱਕੀ ਗੋਗਨਾ ,ਰੋਨ ਸਟਾਰ ਸਿਟੀ ਕੌਂਸਲਰ ਅਤੇ ਜੋਗਿੰਦਰ ਸਿੰਘ ਬਾਜਵਾ ਨੇ ਕੀਤੀ ,ਜਿਹਨਾਂ ਸਟੇਜ ਅਤੇ ਹਾਲ ਵਿੱਚ ਬੈਠਣ ਦੇ ਸ਼ਾਨਦਾਰ ਪ੍ਰਬੰਧ ਦੀ ਸ਼ਲਾਘਾ ਕੀਤੀ।

ਕੈਨੇਡਾ ਦੇ ਰਾਸ਼ਟਰੀ ਗੀਤ " ਓ ਕੈਨੇਡਾ " ਨਾਲ ਉਦਘਾਟਨੀ ਸੈਸ਼ਨ ਦਾ ਆਗਾਜ਼ ਹੋਇਆ ਉਦਘਾਟਨੀ ਸੈਸ਼ਨ ਵਿੱਚ ਸਟੇਜ ਸੰਚਾਲਕ ਦੀ ਭੂਮਿਕਾ ਸਰਦਾਰ ਸਰਦੂਲ ਸਿੰਘ ਥਿਆੜਾ ਨੇ ਬਾਖੂਬੀ ਨਿਭਾਈ ਸਰਦਾਰ ਦਲਬੀਰ ਸਿੰਘ ਕਥੂਰੀਆ, ਪ੍ਰਧਾਨ, ਜਗਤ ਪੰਜਾਬੀ ਸਭਾ ਨੇ ਸਮੂਹ ਹਾਜ਼ਰੀਨ ਨੂੰ ਜੀ ਆਇਆ ਕਿਹਾ ਸੋਨੀਆ ਸਿੱਧੂ ਐਮ. ਪੀ., ਗੁਰਪ੍ਰੀਤ ਸਿੰਘ ਢਿਲੋਂ ਰੀਜ਼ਨਲ ਕੌਂਸਲਰ , ਹਰਕੀਰਤ ਸਿੰਘ ਸਿਟੀ ਕੌਂਸਲਰ, ਕਰਨ ਅਜਾਇਬ ਸਿੰਘ ਸੰਘਾ, ਤਰਲੋਚਨ ਸਿੰਘ ਅਠਵਾਲ ,ਰੋਨ ਸਟਾਰ ਸਿਟੀ ਕੌਂਸਲਰ,ਰਮਿੰਦਰ ਵਾਲੀਆ, ਸ਼ਾਇਨਾ ਕਿਸ਼ਵਰ ਨੇ ਪ੍ਰਬੰਧਕਾਂ ਨੂੰ ਪੰਜਾਬੀ ਭਾਸ਼ਾ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਹਿੱਤ ਆਯੋਜਿਤ ਕੀਤੀ ਵਰਲਡ ਪੰਜਾਬੀ ਕਾਨਫ਼ਰੰਸ ਦਾ ਸੁਚੱਜਾ ਪ੍ਰਬੰਧ ਕਰਨ ਲਈ ਵਧਾਈਆਂ ਦਿੱਤੀਆਂ ਅਤੇ ਨਾਲ ਹੀ ਉਹਨਾਂ ਵੱਲੋਂ ਇਹੋ -ਜਿਹੇ ਬਾਕਮਾਲ ਕਾਰਜਾਂ ਲਈ ਹਮੇਸ਼ਾ ਸਾਥ ਦੇਣ ਦਾ ਭਰੋਸਾ ਦਿੱਤਾ ਗਿਆ ਅਮਰੀਕ ਸਿੰਘ ਗੋਗਨਾ ਨੇ ਭਰਪੂਰ ਸਹਿਯੋਗ ਲਈ ਸਭਨਾਂ ਦਾ ਧੰਨਵਾਦ ਕੀਤਾ।

ਪਹਿਲੇ ਸੈਸ਼ਨ ਦੇ ਸਟੇਜ ਸੰਚਾਲਕ ਸਰਦਾਰ ਸੰਤੋਖ ਸਿੰਘ ਸੰਧੂ ਸਨ ਪਹਿਲੇ ਸੈਸ਼ਨ ਵਿੱਚ "ਕਾਇਦਾ-ਏ-ਨੂਰ" ਵਿਸ਼ੇ 'ਤੇ ਪੇਪਰ ਪੜ੍ਹੇ ਗਏ। ਵਕਤਾ ਡਾਕਟਰ ਗੁਰਪ੍ਰੀਤ ਕੌਰ ,ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਨੇ "ਕਾਇਦਾ-ਏ-ਨੂਰ 21ਵੀਂ ਸਦੀ" ਨੂੰ ਆਲਮੀ ਜਗਤ ਲਈ ਨਾਯਾਬ ਤੋਹਫ਼ਾ ਦੱਸਦਿਆਂ ਇਸ ਬਾਰੇ ਮੁੱਢਲੀ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਇਹ "ਕਾਇਦਾ- ਏ -ਨੂਰ 21 ਸਦੀ" ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਇੱਕ ਮੀਲ ਪੱਥਰ ਸਾਬਿਤ ਹੋਵੇਗਾ। ਕਰਮਯੋਗੀ ਵਿਅਕਤੀਤਵ ਦੇ ਮਾਲਕ ਡਾਕਟਰ ਸੋਲਮਨ ਨਾਜ਼ ਨੇ ਹਾਜ਼ਰੀਨ ਨੂੰ ਵੱਧ ਤੋਂ ਵੱਧ ਸਾਹਿਤ ਪੜ੍ਹਨ ਲਈ ਪ੍ਰੇਰਿਆ ਅਤੇ ਪੰਜਾਬੀ ਭਾਸ਼ਾ ਲਿਖਣ ਸਮੇਂ ਸ਼ੁੱਧਤਾ ਦਾ ਖਿਆਲ ਰੱਖਣ 'ਤੇ ਜ਼ੋਰ ਦਿੱਤਾ। ਉਹਨਾਂ ਪੰਜਾਬੀ ਭਾਸ਼ਾ ਦੇ ਨਾਲ- ਨਾਲ ਬਾਕੀ ਭਾਸ਼ਾਵਾਂ ਨੂੰ ਵੀ ਸਤਿਕਾਰ ਦੇਣ ਲਈ ਪ੍ਰੇਰਿਆ। ਅਜ਼ੀਮ ਸਖ਼ਸ਼ੀਅਤ ਦੇ ਮਾਲਕ ਡਾ.ਅਜੈਬ ਸਿੰਘ ਚੱਠਾ ਨੇ ਸਮੂਹ ਪੰਜਾਬੀਆਂ ਨੂੰ ਅਜੋਕੇ ਤਕਨਾਲੋਜੀ ਦੇ





ਯੁੱਗ ਵਿੱਚ ਸਮੇਂ ਦੇ ਹਾਣੀ ਬਣਨ ਲਈ ਇੱਕੋ ਸਮੇਂ ਚਾਰ ਭਾਸ਼ਾਵਾਂ(ਗੁਰਮੁਖੀ, ਸ਼ਾਹਮੁਖੀ, ਅੰਗਰੇਜ਼ੀ, ਹਿੰਦੀ ) ਦਾ ਗਿਆਨ ਪ੍ਰਾਪਤ ਕਰਨ ਲਈ "ਕਾਇਦਾ -ਏ- ਨੂਰ 21 ਵੀਂ ਸਦੀ" ਪੜ੍ਹਨ ਲਈ ਪ੍ਰੇਰਿਤ ਕੀਤਾ।

ਦੂਸਰੇ ਸੈਸ਼ਨ ਦੇ ਸਟੇਜ ਸੰਚਾਲਕ ਡਾਕਟਰ ਰਮਨੀ ਬਤਰਾ ਸਨ ਇਸ ਸੈਸ਼ਨ ਵਿੱਚ ਵਕਤਾ ਜਗਜੀਤ ਕੌਰ ਢੀਂਡਸਾ ਨੇ ਕਾਇਦਾ- ਏ- ਨੂਰ ਬਾਰੇ ਮੁੱਢਲੀ ਜਾਣਕਾਰੀ ਦਿੱਤੀ । ਰਿੱਕੀ ਗੋਗਨਾ ਨੇ ਕਿਹਾ ਕਿ ਕੈਨੇਡਾ ਦੇ ਸਕੂਲਾਂ ਵਿੱਚ ਪੰਜਾਬੀ ਨੂੰ ਆਪਸ਼ਨਲ ਵਿਸ਼ੇ ਦੇ ਤੌਰ 'ਤੇ ਲਾਗੂ ਕਰਵਾਉਣ ਲਈ ਸਾਨੂੰ ਪੰਜਾਬੀਆਂ ਨੂੰ ਯਤਨ ਕਰਨੇ ਚਾਹੀਦੇ ਹਨ। ਪਿਆਰਾ ਸਿੰਘ ਕੁਦੋਵਾਲ ਨੇ ਆਪਣੇ ਹੱਡੀਂ ਹੰਢਾਏ ਤਜ਼ਰਬੇ ਸਾਂਝੇ ਕਰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਵਿੱਚ ਉਚੇਰੀ ਸਿੱਖਿਆ ਹਾਸਲ ਕਰ ਕੇ ਉਨ੍ਹਾਂ ਨੇ ਕਈ ਦੇਸ਼ਾਂ ਵਿਚ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਪੜ੍ਹਾ ਕੇ ਵਿਸ਼ੇਸ਼ ਨਾਮਣਾ ਖੱਟਿਆ ਹੈ। ਇੰਦਰਪਾਲ ਮਠਾੜੂ ਨੇ ਕਿਹਾ ਕਿ ਕਿਸਾਨੀ ਸੰਘਰਸ਼ ਦੀ ਫਤਿਹ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਸੌ ਵਰ੍ਹਿਆਂ ਤੱਕ ਕੋਈ ਖ਼ਤਰਾ ਨਹੀਂ।

ਕਵੀ ਦਰਬਾਰ ਦਾ ਸੰਚਾਲਨ ਰੁਪਿੰਦਰ ਕੌਰ ਸੰਧੂ ਨੇ ਬਾਖੂਬੀ ਕੀਤਾ ਕਵਿਤਾ ਤੇ ਗੀਤ ਸੁਣਾ ਕੇ ਮਕਬੂਲੀਅਤ ਖੱਟਣ ਵਾਲਿਆਂ ਵਿੱਚ ਜਨਾਬ ਮਕਸੂਦ ਚੌਧਰੀ , ਹਰਭਜਨ ਕੌਰ ਗਿੱਲ , ਸੁਖਚਰਨਜੀਤ ਕੌਰ ਗਿੱਲ , ਹਰਜੀਤ ਕੌਰ ਭੰਬਰਾ, ਨਵਦੀਪ ਕੌਰ ਗਿੱਲ, ਜਿੰਦ ਧਾਲੀਵਾਲ, ਉਜ਼ਮਾ ਮਹਿਮੂਦ, ਜਨਾਬ ਰਸੀਦ, ਬਲਜੀਤ ਕੌਰ ਜੌਹਲ , ਹਰਦਿਆਲ ਸਿੰਘ ਝੀਤਾ , ਮੋਹਿੰਦਰ ਪਾਲ , ਕਰਨ ਅਜਾਇਬ ਸਿੰਘ ਸੰਘਾ , ਸੁੰਦਰਪਾਲ ਰਾਜਾਸਾਂਸੀ, ਹੀਰਾ ਧਾਲੀਵਾਲ,ਗੁਰਪ੍ਰੀਤ ਕੌਰ ਆਦਿ ਸਨ ਇਸ ਸਮੇਂ 2009 ਤੋਂ ਲੈ ਕੇ 2019 ਤੱਕ ਹੋਈਆਂ ਪੰਜ ਵਰਲਡ ਪੰਜਾਬੀ ਕਾਨਫ਼ਰੰਸਾਂ ਨਾਲ ਸੰਬੰਧਿਤ ਬਾਕਮਾਲ ਗਤੀਵਿਧੀਆਂ ਦੀ ਡਾਕੂਮੈਂਟਰੀ ਵੀ ਦਿਖਾਈ ਗਈ। ਮਸ਼ਹੂਰ ਗਾਇਕਾ ਮੀਤਾ ਖੰਨਾ ਦਾ ਨਵਾਂ ਗੀਤ " ਆਲੂ ਬੜੇ ਕਰਾਰੇ " ਅਤੇ ਡਾ.ਅਜੈਬ ਸਿੰਘ ਚੱਠਾ ਵੱਲੋਂ ਤਿਆਰ ਕੀਤੀ ਲਘੂ ਫ਼ਿਲਮ "ਬਾਪੂ ਜੀ" ਰਿਲੀਜ਼ ਕੀਤੀ ਗਈ।

ਦੂਸਰੇ ਦਿਨ , 12 ਦਸੰਬਰ 2021 ਐਤਵਾਰ ਨੂੰ ਤੀਸਰੇ ਸੈਸ਼ਨ ਦਾ ਸਟੇਜ ਸੰਚਾਲਨ ਅਮਰਜੀਤ ਸਿੰਘ ਸੰਘਾ ਨੇ ਕੀਤਾ। ਇਸ ਸੈਸ਼ਨ ਵਿੱਚ ਪੰਜਾਬੀ ਭਾਸ਼ਾ ਦਾ ਭਵਿੱਖ ਵਿਸ਼ੇ 'ਤੇ ਪੇਪਰ ਪੜ੍ਹੇ ਗਏ। ਵਕਤਾ ਡਾਕਟਰ ਮਨਪ੍ਰੀਤ ਕੌਰ ਖ਼ਾਲਸਾ ਕਾਲਜ ,ਸ੍ਰੀ ਅਨੰਦਪੁਰ ਸਾਹਿਬ ਨੇ ਕਿਹਾ ਕਿ ਪੰਜਾਬੀ ਭਾਸ਼ਾ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸਿਰਜਿਆ ਗਿਆ ਹੈ,ਇਸ ਲਈ ਇਹ ਭਾਸ਼ਾ ਕਦੇ ਵੀ ਖ਼ਤਮ ਨਹੀਂ ਹੋ ਸਕਦੀ। ਡਾਕਟਰ ਉਮੇ ਏਮਾਨ ,ਦਿੱਲੀ ਨੇ ਕਿਹਾ ਕਿ ਸਾਨੂੰ ਪੰਜਾਬੀ ਭਾਸ਼ਾ ਬੋਲਣ ਅਤੇ ਲਿਖਣ ਵੇਲੇ ਸ਼ੁੱਧਤਾ ਦਾ ਧਿਆਨ ਰੱਖਣਾ ਚਾਹੀਦਾ ਹੈ । ਡਾਕਟਰ ਗੁਰਪ੍ਰੀਤ ਕੌਰ ,ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਨੇ ਦੱਸਿਆ ਕਿ ਅਜੋਕੇ ਸਮੇਂ ਵਿਚ ਗਲੋਬ ਦਾ ਸ਼ਾਇਦ ਹੀ ਕੋਈ ਕੋਨਾ ਹੋਵੇਗਾ ਜਿੱਥੇ ਪੰਜਾਬੀਆਂ ਨਾ ਗਏ ਹੋਣ ਅਤੇ ਜਿੱਥੇ- ਜਿੱਥੇ ਪੰਜਾਬੀ ਗਏ ਆਪਣੀ ਭਾਸ਼ਾ ਅਤੇ ਸੱਭਿਆਚਾਰ ਨਾਲ ਲੈ ਕੇ ਗਏ। ਜਗਜੀਤ ਕੌਰ ਢੀਂਡਸਾ ਪੰਜਾਬੀ ਯੂਨੀਵਰਸਿਟੀ ,ਪਟਿਆਲਾ ਨੇ ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ।

ਚੌਥੇ ਸੈਸ਼ਨ ਦਾ ਸੰਚਾਲਨ ਤਲਵਿੰ-ਦਰ ਸਿੰਘ ਮੰਡ, ਕੈਨੇਡੀਅਨ ਸਾਹਿਤ ਸਭਾ ਨੇ ਕੀਤਾ। ਇਸ ਸੈਸ਼ਨ ਵਿੱਚ ਡਾਕਟਰ ਗੁਰਬਖਸ਼ ਸਿੰਘ ਭੰਡਾਲ ਨੇ ਮਨੁੱਖ ਦੀ ਜ਼ਿੰਦਗੀ ਵਿੱਚ ਮਾਤ ਭਾਸ਼ਾ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਕਰਨ ਅਜਾਇਬ ਸਿੰਘ ਸੰਘਾ ਨੇ ਦੱਸਿਆ ਕਿ ਬੁਲਾਰਿਆਂ ਦੀ ਗਿਣਤੀ ਪੱਖੋਂ ਪੰਜਾਬੀ ਭਾਸ਼ਾ ਨੂੰ ਕੋਈ ਖ਼ਤਰਾ ਨਹੀਂ। ਡਾਕਟਰ ਰਾਮ ਸਿੰਘ ਨੇ ਆਪਣੇ ਲੈਕਚਰ ਵਿੱਚ ਭਾਸ਼ਾ ਅਤੇ ਸੱਭਿਆਚਾਰ ਬਾਰੇ ਬਹੁਤ ਹੀ ਮਹੱਤਵਪੂਰਨ ਜਾਣਕਾਰੀ ਮੂਰਤੀਮਾਨ ਕੀਤੀ। ਇਸ ਤੋਂ ਇਲਾਵਾ ਪਰਮਜੀਤ ਸਿੰਘ ਗਿੱਲ, ਮਲੂਕ ਸਿੰਘ ਕਾਹਲੋਂ, ਬਲਰਾਜ ਸਿੰਘ ਚੀਮਾ, ਇਕਬਾਲ ਸਿੰਘ ਬਰਾੜ,ਡਾਕਟਰ ਜਗਮੋਹਨ ਸਿੰਘ ਸੰਘਾ ਅਤੇ ਪਿਆਰਾ ਸਿੰਘ ਕੁਦੋਵਾਲ ਨੇ ਦੱਸਿਆ ਕਿ ਪੰਜਾਬੀ ਭਾਸ਼ਾ ਗਲੋਬਲ ਪੱਧਰ ਤੇ ਆਪਣੀ ਪਛਾਣ ਬਣਾ ਚੁੱਕੀ ਹੈ ,ਜਿਸ ਦਾ ਭਵਿੱਖ ਸੁਨਹਿਰੀ ਹੈ।

ਵਿਦਾਇਗੀ ਸੈਸ਼ਨ ਦਾ ਸੰਚਾਲਨ ਕੁਸ਼ਲ ਪ੍ਰਬੰਧਕ ਡਾ. ਅਜੈਬ ਸਿੰਘ ਚੱਠਾ, ਚੇਅਰਮੈਨ ਵਰਲਡ ਪੰਜਾਬੀ ਕਾਨਫ਼ਰੰਸ ਨੇ ਬਹੁਤ ਸ਼ਾਨਦਾਰ ਢੰਗ ਨਾਲ ਕੀਤਾ। ਹਰਜੀਤ ਕੌਰ ਭੰਵਰਾ ਨੇ ਕਾਨਫ਼ਰੰਸ ਦੀ ਰਿਪੋਰਟ ਨਿਵੇਕਲੇ ਅੰਦਾਜ਼ ਵਿਚ ਪੜ੍ਹੀ, ਉਹਨਾਂ ਦੋਵੇਂ ਦਿਨਾਂ ਵਿੱਚ ਹੋਈਆ ਮਾਣਮੱਤੀਆਂ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਢੰਗ ਨਾਲ ਚਾਨਣਾ ਪਾਇਆ। ਡਾਕਟਰ ਮਨਪ੍ਰੀਤ ਕੌਰ ਵਲੋਂ ਛੇ ਮਤੇ ਪੜ੍ਹੇ ਗਏ, ਜੋ ਸਰਬ- ਸੰਮਤੀ ਨਾਲ ਪਾਸ ਹੋਏ। ਇਹਨਾਂ ਮਤਿਆ ਵਿੱਚ ਕੈਨੇਡਾ ਦੇ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਨੂੰ ਆਪਸ਼ਨਲ ਵਿਸ਼ੇ ਦੇ ਤੌਰ 'ਤੇ ਲਾਗੂ ਕਰਵਾਉਣ ਲਈ ਸਾਂਝੇ ਤੌਰ 'ਤੇ ਯਤਨ ਕਰਨ ਸੰਬੰਧੀ , ,"ਕਾਇਦਾ- ਏ- ਨੂਰ 21ਵੀਂ ਸਦੀ" ਨੂੰ ਸਮੁੱਚੇ ਆਲਮੀ ਜਗਤ ਵਿਚ ਘਰ- ਘਰ ਪਹੁੰਚਾਉਣ ਲਈ ਉਪਰਾਲੇ ਕਰਨ ਬਾਰੇ ਮਤਾ ਪਾਸ ਹੋਇਆ ਤਾਂ ਜੋ ਹਰ ਵਿਅਕਤੀ ਚਾਰ ਭਾਸ਼ਾਵਾਂ ਗੁਰਮੁਖੀ, ਸ਼ਾਹਮੁਖੀ ,ਹਿੰਦੀ ,ਅੰਗਰੇਜ਼ੀ ਦਾ ਦਾ ਗਿਆਤਾ ਬਣ ਸਕੇ ਅਤੇ ਸਮੇਂ ਦਾ ਹਾਣੀ ਬਣ ਕੇ ਮਾਣਮੱਤੀਆਂ ਪ੍ਰਾਪਤੀਆਂ ਕਰ ਸਕੇ। ਪੰਜਾਬ ਦੇ ਪ੍ਰਾਈਵੇਟ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਬੋਲਣ 'ਤੇ ਕੋਈ ਰੋਕ ਨਾ ਲਗਾਈ ਜਾਵੇ ਅਤੇ ਜਿਹੜੇ ਸਕੂਲ ਪੰਜਾਬੀ ਭਾਸ਼ਾ ਬੋਲਣ ਤੇ ਜ਼ੁਰਮਾਨਾ ਲਗਾਉਂਦੇ ਹਨ ਉਨ੍ਹਾਂ ਦੀ ਮਾਨਤਾ ਰੱਦ ਕੀਤੀ ਜਾਵੇ। ਹਰ ਪੰਜਾਬੀ ਨੂੰ ਗੁਰਮੁਖੀ ਦੇ ਪੈਂਤੀ ਅੱਖਰਾਂ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ, ਇਸ ਲਈ ਅਜਿਹੀ ਮੁਹਿੰਮ ਚਲਾਈ ਜਾਵੇ ਤਾਂ ਜੋ ਹਰੇਕ ਪੰਜਾਬੀ ਨੂੰ ਪੈਂਤੀ ਅੱਖਰ ਦਾ ਗਿਆਨ ਹੋ ਸਕੇ। ਪੰਜਾਬੀ ਭਾਸ਼ਾ ਅੱਖਰ ਗਿਆਨ, ਨੈਤਿਕ ਸਿੱਖਿਆ, ਵਾਤਾਵਰਣ ਅਤੇ ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਦੇਣ ਲਈ ਨਵੰਬਰ 2022 ਤੱਕ ਇੱਕ ਪ੍ਰੀਖਿਆ ਲਈ ਜਾਵੇਗੀ ਅਤੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਇਕ ਲੱਖ ਰੁਪਏ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ। ਇਸ ਲਈ ਪੂਰਾ ਸਾਲ ਯਤਨ ਜਾਰੀ ਰੱਖੇ ਜਾਣਗੇ। ਪੰਜਾਬੀ ਸਮਾਜ ਵਿਚ ਪੰਜਾਬੀ ਭਾਸ਼ਾ ਦੇ ਪਸਾਰ ਲਈ ਸਰਕਾਰ ਤੋਂ ਮੰਗ ਕੀਤੀ ਜਾਵੇਗੀ ਕਿ ਸਰਕਾਰ ਸਕੂਲ ਪੱਧਰ 'ਤੇ ਹਰ ਆਈ.ਸੀ.ਐਸ.ਈ ਅਤੇ ਸੀ.ਬੀ.ਐਸ.ਈ. ਬੋਰਡਾਂ ਵਿੱਚ ਪੰਜਾਬੀ ਲਾਜ਼ਮੀ ਵਿਸ਼ੇ ਦੇ ਤੌਰ 'ਤੇ ਲਾਗੂ ਕਰੇ । ਸਰਦਾਰ ਸਰਦੂਲ ਸਿੰਘ ਥਿਆੜਾ ਨੇ "ਕਾਇਦਾ-ਏ-ਨੂਰ" ਬਾਰੇ ਚਾਨਣਾ ਪਾਉਂਦੇ ਹੋਏ ਹਾਜ਼ਰੀਨ ਤੋਂ ਸਮੁੱਚੇ ਪੰਜਾਬੀ ਆਲਮੀ ਜਗਤ ਨੂੰ ਸਿੱਖਿਅਤ ਕਰਨ ਲਈ ਇਸ ਮਾਣਮੱਤੇ ਕਾਰਜ ਵਿੱਚ ਸਾਥ ਦੇਣ ਲਈ ਬੇਨਤੀ ਕੀਤੀ । ਭਾਰਤ ਤੋਂ ਆਏ ਵਿਦਵਾਨਾਂ ਨੂੰ ਸਰਟੀਫ਼ਿਕਟ ਦਿੱਤੇ ਗਏ। ਡਾਕਟਰ ਸੋਹਣ ਸਿੰਘ ਪਰਮਾਰ ਨੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ। 1980 ਤੋਂ ਲੈ ਕੇ ਅਜੋਕੇ ਸਮੇਂ ਤੱਕ ਆਯੋਜਿਤ ਕਾਨਫ਼ਰੰਸਾਂ ਬਾਰੇ ਲਿਖੀ ਖੋਜਨੁਮਾ ਕਿਤਾਬ ਨਾਲ ਸੰਬੰਧਿਤ ਡਾਕੂਮੈਂਟਰੀ ਦਿਖਾਈ ਗਈ।

ਸਰਦੂਲ ਸਿੰਘ ਥਿਆੜਾ ਵੱਲੋਂ ਅਗਲੀ ਵਰਲਡ ਪੰਜਾਬੀ ਕਾਨਫ਼ਰੰਸ 2022 ਮਿਤੀ 25, 26 ਤੇ 27 ਜੂਨ 2022 ਨੂੰ ਕਰਵਾਉਣ ਦਾ ਐਲਾਨ ਕੀਤਾ ਗਿਆ। ਸਰਦਾਰ ਤਰਲੋਚਨ ਸਿੰਘ ਅਠਵਾਲ ਨੂੰ 2022 ਵਾਲੀ ਕਾਨਫ਼ਰੰਸ ਦਾ ਪ੍ਰਧਾਨ ਥਾਪਿਆ ਗਿਆ।

ਪੰਜਾਬੀ ਬੱਚੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਅਤੇ ਸਾਰਾ ਪ੍ਰੋਗਰਾਮ ਬਿਨਾਂ ਕਿਸੇ ਰੁਕ-ਾਵਟ ਦੇ ਸੰਪੂਰਨ ਹੋਇਆ। ਇਸ ਕਾਨਫ਼ਰੰਸ ਨੂੰ ਕਰਵਾਉਣ ਵਿੱਚ ਡਾ. ਅਜੈਬ ਸਿੰਘ ਚੱਠਾ, ਸਰਦੂਲ ਸਿੰਘ ਥਿਆੜਾ, ਦਲਬੀਰ ਸਿੰਘ ਕਥੂਰੀਆ, ਡਾ. ਰਮਨੀ ਬਤਰਾ, ਰਿੱਕੀ ਗੋਗਨਾ, ਬਲਵਿੰਦਰ ਕੌਰ ਚੱਠਾ, ਸੰਤੋਖ ਸਿੰਘ ਸੰਧੂ, ਤੇਜਿੰਦਰਪਾਲ ਸਿੰਘ ਚੀਮਾ, ਕਮਲਜੀਤ ਸਿੰਘ ਹੇਅਰ, ਕਰਨ ਅਜੈਬ ਸਿੰਘ ਸੰਘਾ, ਗੁਰਦਰਸ਼ਨ ਸਿੰਘ ਸ਼ੀਰਾ, ਸੰਜੀਤ ਸਿੰਘ, ਇਫਤਖਾਰ ਚੌਧਰੀ, ਅਮਰੀਕ ਸਿੰਘ ਗੋਗਨਾ, ਅਮਰਜੀਤ ਸਿੰਘ ਸੰਘਾ, ਜੋਗਿੰਦਰ ਸਿੰਘ ਬਾਜਵਾ,ਅਮਰ ਸਿੰਘ ਭੁੱਲਰ,ਤ੍ਰਿਪਤਾ ਸੋਢੀ, ਰੁਪਿੰਦਰ ਕੌਰ ਸੰਧੂ, ਗੁਰਸ਼ਰਨ ਕੌਰ ਕਾਂਦਰਾ, ਸੁੰਦਰਪਾਲ ਰਾਜਾਸਾਂਸੀ, ਇੰਦਰਪਾਲ ਕੌਰ ਮਠਾੜੂ ਨੇ ਭਰਵਾਂ ਸਹਿਯੋਗ ਦਿੱਤਾ। ਹਮਦਰਦ ਮੀਡੀਆ ਗਰੁੱਪ ਨੇ ਸਾਰੇ ਪ੍ਰੋਗਰਾਮ ਦੀ ਕਵਰੇਜ਼ ਸ਼ਾਨਦਾਰ ਢੰਗ ਨਾਲ ਕੀਤੀ।

ਹਰ ਪੰਜਾਬੀ ਨੂੰ ਗੁਰਮੁਖੀ ਦੇ ਪੈਂਤੀ ਅੱਖਰਾਂ ਦਾ ਗਿਆਨ ਹੋਣਾ ਬਹੁਤ ਜ਼ਰੂਰੀ

ਹੈ, ਇਸ ਲਈ ਅਜਿਹੀ ਮੁਹਿੰਮ ਚਲਾਈ ਜਾਵੇ ਤਾਂ ਜੋ ਹਰੇਕ ਪੰਜਾਬੀ ਨੂੰ ਪੈਂਤੀ ਅੱਖਰ ਦਾ ਗਿਆਨ ਹੋ ਸਕੇ। ਪੰਜਾਬੀ ਭਾਸ਼ਾ ਅੱਖਰ ਗਿਆਨ, ਨੈਤਿਕ ਸਿੱਖਿਆ, ਵਾਤਾਵਰਣ ਅਤੇ ਸਿੱਖ ਧਰਮ ਦੀ ਮੁੱਢਲੀ ਜਾਣਕਾਰੀ ਦੇਣ ਲਈ ਨਵੰਬਰ 2022 ਤੱਕ ਇੱਕ ਪ੍ਰੀਖਿਆ ਲਈ ਜਾਵੇਗੀ ਅਤੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਨੂੰ ਇਕ ਲੱਖ ਰੁਪਏ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਗਿਆ। ਇਸ ਲਈ ਪੂਰਾ ਸਾਲ ਯਤਨ ਜਾਰੀ ਰੱਖੇ ਜਾਣਗੇ। ਪੰਜਾਬੀ ਸਮਾਜ ਵਿਚ ਪੰਜਾਬੀ ਭਾਸ਼ਾ ਦੇ ਪਸਾਰ ਲਈ ਸਰਕਾਰ ਤੋਂ ਮੰਗ ਕੀਤੀ ਜਾਵੇਗੀ ਕਿ ਸਰਕਾਰ ਸਕੂਲ ਪੱਧਰ 'ਤੇ ਹਰ ਆਈ.ਸੀ.ਐਸ.ਈ ਅਤੇ ਸੀ.ਬੀ.ਐਸ.ਈ. ਬੋਰਡਾਂ ਵਿੱਚ ਪੰਜਾਬੀ ਲਾਜ਼ਮੀ ਵਿਸ਼ੇ ਦੇ ਤੌਰ 'ਤੇ ਲਾਗੂ ਕਰੇ ।

ਸਰਦਾਰ ਸਰਦੂਲ ਸਿੰਘ ਥਿਆੜਾ ਨੇ "ਕਾਇਦਾ-ਏ-ਨੂਰ" ਬਾਰੇ ਚਾਨਣਾ ਪਾਉਂਦੇ ਹੋਏ ਹਾਜ਼ਰੀਨ ਤੋਂ ਸਮੁੱਚੇ ਪੰਜਾਬੀ ਆਲਮੀ ਜਗਤ ਨੂੰ ਸਿੱਖਿਅਤ ਕਰਨ ਲਈ ਇਸ ਮਾਣਮੱਤੇ ਕਾਰਜ ਵਿੱਚ ਸਾਥ ਦੇਣ ਲਈ ਬੇਨਤੀ ਕੀਤੀ । ਭਾਰਤ ਤੋਂ ਆਏ ਵਿਦਵਾਨਾਂ ਨੂੰ ਸਰਟੀਫਿਕੇਟ ਦਿੱਤੇ ਗਏ। ਡਾਕਟਰ ਸੋਹਣ ਸਿੰਘ ਪਰਮਾਰ ਨੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ। 1980 ਤੋਂ ਲੈ ਕੇ ਅਜੋਕੇ ਸਮੇਂ ਤੱਕ ਆਯੋਜਿਤ ਕਾਨਫ਼ਰੰਸਾਂ ਬਾਰੇ ਲਿਖੀ ਖੋਜਨੁਮਾ ਕਿਤਾਬ ਨਾਲ ਸੰਬੰਧਿਤ ਡਾਕੂਮੈਂਟਰੀ ਦਿਖਾਈ ਗਈ।

ਸਰਦੂਲ ਸਿੰਘ ਥਿਆੜਾ ਵੱਲੋਂ ਅਗਲੀ ਵਰਲਡ ਪੰਜਾਬੀ ਕਾਨਫ਼ਰੰਸ 2022 ਮਿਤੀ 25, 26 ਤੇ 27 ਜੂਨ 2022 ਨੂੰ ਕਰਵਾਉਣ ਦਾ ਐਲਾਨ ਕੀਤਾ ਗਿਆ। ਸਰਦਾਰ ਤਰਲੋਚਨ ਸਿੰਘ ਅਠਵਾਲ ਨੂੰ 2022 ਵਾਲੀ ਕਾਨਫ਼ਰੰਸ ਦਾ ਪ੍ਰਧਾਨ ਥਾਪਿਆ ਗਿਆ।

ਪੰਜਾਬੀ ਬੱਚੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਅਤੇ ਸਾਰਾ ਪ੍ਰੋਗਰਾਮ ਬਿਨਾਂ ਕਿਸੇ ਰੁਕ-ਾਵਟ ਦੇ ਸੰਪੂਰਨ ਹੋਇਆ। ਇਸ ਕਾਨਫ਼ਰੰਸ ਨੂੰ ਕਰਵਾਉਣ ਵਿੱਚ ਡਾ. ਅਜੈਬ ਸਿੰਘ ਚੱਠਾ, ਸਰਦੂਲ ਸਿੰਘ ਥਿਆੜਾ, ਦਲਬੀਰ ਸਿੰਘ ਕਥੂਰੀਆ, ਡਾ. ਰਮਨੀ ਬਤਰਾ, ਰਿੱਕੀ ਗੋਗਨਾ, ਬਲਵਿੰਦਰ ਕੌਰ ਚੱਠਾ, ਸੰਤੋਖ ਸਿੰਘ ਸੰਧੂ, ਤੇਜਿੰਦਰਪਾਲ ਸਿੰਘ ਚੀਮਾ, ਕਮਲਜੀਤ ਸਿੰਘ ਹੇਅਰ, ਕਰਨ ਅਜੈਬ ਸਿੰਘ ਸੰਘਾ, ਗੁਰਦਰਸ਼ਨ ਸਿੰਘ ਸ਼ੀਰਾ, ਸੰਜੀਤ ਸਿੰਘ, ਇਫਤਖਾਰ ਚੌਧਰੀ, ਅਮਰੀਕ ਸਿੰਘ ਗੋਗਨਾ, ਅਮਰਜੀਤ ਸਿੰਘ ਸੰਘਾ, ਜੋਗਿੰਦਰ ਸਿੰਘ ਬਾਜਵਾ,ਅਮਰ ਸਿੰਘ ਭੁੱਲਰ,ਤ੍ਰਿਪਤਾ ਸੋਢੀ, ਰੁਪਿੰਦਰ ਕੌਰ ਸੰਧੂ, ਗੁਰਸ਼ਰਨ ਕੌਰ ਕਾਂਦਰਾ, ਸੁੰਦਰਪਾਲ ਰਾਜਾਸਾਂਸੀ, ਇੰਦਰਪਾਲ ਕੌਰ ਮਠਾੜੂ ਨੇ ਭਰਵਾਂ ਸਹਿਯੋਗ ਦਿੱਤਾ। ਹਮਦਰਦ ਮੀਡੀਆ ਗਰੁੱਪ ਨੇ ਸਾਰੇ ਪ੍ਰੋਗਰਾਮ ਦੀ ਕਵਰੇਜ਼ ਸ਼ਾਨਦਾਰ ਢੰਗ ਨਾਲ ਕੀਤੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates




ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?





ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਕਿਸਾਨ ਅੰਦੋਲਨ ਨੇ ਸਮਝਾਇਆ-ਪਰਜਾਤੰਤਰ ਆਖਦੇ ਕਿਸਨੂੰ ਹਨ



ਸਾਡੇ ਮੁਲਕ ਵਿੱਚਰਾਜ ਰਾਜਸੀ ਲੋਕਾਂ ਹੱਥ ਆ ਗਿਆ ਸੀ ਅਤੇ ਇਸ ਕਰਕੇ ਰਾਜਸੀ ਲੋਕਾਂ ਨੇ ਇਸ ਮੁਲਕ ਵਿੱਚ ਇਹ ਜਿਹੜਾ ਪਰਜਾਤੰਤਰ ਸਥਾਪਿਤ ਕੀਤਾ ਸੀ ਇਸਦੀ ਸਮਝ ਅੱਜ ਤੱਕ ਭਾਰਤਦੇ ਲੋਕਾਂ ਵਿੱਚ ਨਹੀਂ ਸੀ ਆਈ। ਰਾਜਸੀ ਲੋਕੀਂ ਆਪ ਹੀ ਵੋਟਾਂ ਵਿੱਚ ਉਮੀਦਵਾਰ ਬਣਕੇ ਖੜੇ ਹੁੰਦੇ ਰਹੇ ਹਨ ਅਤੇ ਆਪਣੇ ਹੀ ਆਦਮੀ ਆਪ ਚੁਣਕੇ ਹਰ ਇਲਾਕੇ ਲਈ ਉਮੀਦਵਾਰਾਂ ਦੀ ਭਰਤੀ ਵੀ ਆਪ ਹੀ ਕਰਦੇ ਰਹੇ ਹਨ। ਅਸੀਂ ਭਾਰਤੀ ਬਸ ਇਹ ਖੜੇ ਕੀਤੇ ਉਮੀਦਵਾਰਾ ਲੂੰ ਵੋਟਾਂ ਪਾਉਂਦੇ ਰਹੇ ਹਾਂ। ਇਹ ਵੋਟਾਂ ਪਾਉਣ ਲਗਿਆਂ ਅਸੀਂ ਕਦੀ ਵੀ ਕਿਸੇ ਉਮੀਵਾਰ ਦੇ ਗੁਣਾ ਵਲ ਧਿਆਨ ਨਹੀਂ ਦਿਤਾ ਅਤੇ ਨਾਂ ਹੀ ਅਸਾਂ ਕਦੀ ਇਹ ਧਿਾਨ ਹੀ ਦਿਤਾ ਹੈ ਕਿ ਇਹ ਆਦਮੀ ਸਾਡਾ ਪ੍ਰਤੀਨਿਧ ਬਣਕੇ ਸਦਨ ਵਿੱਚ ਜਾ ਰਿਹਾ ਹੈ। ਬਲਕਿ ਅਸਾਂ ਦੇਖਿਆ ਕਿ ਇਹ ਵਿਅਕਤੀਵਿਸ਼ੇਸ਼ ਆਪ ਆਕੇ ਸਾਡੇ ਇਲਾਕੇ ਦੇ ਲੋਕਾਂ ਨੂੰ ਇਹ ਆਖਦੇ ਰਹੇ ਹਨ ਕਿ ਇਸ ਆਦਮੀ ਨੂੰ ਵੋਟਾਂ ਪਾਕੇ ਕਾਮਯਾਬ ਕਰੋ ਤਾਂਕਿ ਇਹ ਆਦਮੀ ਮੇਰੇ ਹੱਥ ਮਜ਼ਬੂਤ ਕਰ ਦੇਵੇ ਅਤੇ ਮੈਂ ਰਾਜ ਕਾਇਮ ਕਰ ਸਕਾਂ। ਅਤੇ ਇਸ ਤਰ੍ਹਾਂ ਇਹ ਪਹਿਲਾਂਹੀ ਬਣੇ ਪਏ ਪ੍ਰਧਾਨ ਮੰਤਰੀਆਂ ਅਤੇ ਮੁਖ ਮੰਤਰੀਆਂ ਨੂੰ ਅਸੀਂ ਵੋਟਾਂ ਪਾਉਂਦੇ ਰਹੇ ਹਾਂ ਅਤੇ ਇਸ ਤਰ੍ਹਾਂ ਇਹ ਜਿਹੜੀਆਂ ਵੀ ਸਦਲਾ ਬਣਦੀਆਂ ਰਹੀਆਂ ਹਨ ਇਥੇ ਸਾਡੇ ਪ੍ਰਤੀਨਿਧ ਕਦੀ ਵੀ ਨਹੀਂ ਸਨ ਪੁਜੇ। ਅਤੇ ਬਸ ਕਿਸੇ ਵਿਅਕਤੀਵਿਸ਼ੇਸ਼ ਆਪਣੇ ਸਪੋਰਟਰਾਂ ਦੀ ਗਿਣਤੀ ਵਧਾਕੇ ਆਪਣਾ ਰਾਜ ਸਥਾਪਿਤ ਕਰਦਾ ਰਿਹਾਹੈ ਅਤੇ ਅਸੀਂ ਇਹ ਐਲਾਨ ਕਰਦੇ ਰਹੇ ਹਾਂ ਕਿ ਅਸੀਂ ਵੀ ਪਰਜਾਤੰਤਰ ਬਣ ਗਏ ਹਾਂ, ਹਾਲਾਂਕਿ ਕਦੀ ਵੀ ਸਦਨਾਂ ਵਿੱਚ ਸਾਡਾ ਪ੍ਰਤੀਨਿਧ ਨਹੀਂ ਪੁਜਾ ਹੈ।

ਆਓ ਵਿਚਾਰ ਕਰੀਏ

ਪੌਣੀ ਸਦੀ ਬਾਅਦ ਅਸਾਂ ਦੇਖਿਆ ਕਿ ਭਾਰਤ ਸਰਕਾਰ ਨੇ ਤਿੰਨ ਖੇਤੀ ਸੁਧਾਰ ਬਿਲ ਪਾਸ ਕਰਕੇ ਮੁਲਕ ਵਿੱਚ ਲਾਗੂ ਵੀ ਕਰ ਦਿੱਤੇ ਅਤੇ ਅਸਾਂ ਇਹ ਵੀ ਦੇਖਿਆ ਸੀ ਕਿ ਸਦਨ ਵਿੱਚ ਵਿਰੋਧੀ ਧਿਰਾਂ ਦੇ ਸਰਦਾਰ ਨੇ ਇਹ ਐਲਾਨ ਕਰ ਦਿਤਾ ਸੀ ਕਿ ਇਹ ਜਿਹੜੇ ਖੇਤੀ ਸੁਧਾਰ ਬਿਲ ਪਾਸ ਕਰਨ ਜਾ ਰਹੇ ਹਨ ਇਹ ਅਸਲ ਵਿੱਚ ਕੁਝ ਕਾਰ-ਪੋਰੇਟ ਅਦਾਰਿਆਂ ਨੂੰ ਖੁਸ਼ਕਰਨ ਲਈ ਪਾਸ ਕੀਤੇ ਜਾ ਰਹੇ ਹਨ, ਪਰ ਵਿਰੋਧੀਆਂ ਦੀ ਗਿਣਤੀ ਘਟ ਸੀ ਅਤੇ ਇਹ ਸਰਕਾਰ ਆਪਣੇ ਬਹੁਤਮਤ ਦੀ ਸਹਾਇਤਾ ਨਾਲ ਇਹ ਬਿਲ ਪਾਸ ਕਰਾਉਣ ਵਿੱਚਕਾਮਯਾਬ ਹੋ ਗਈ ਸੀ। ਇਹ ਗਲ ਕਿਸਾਨਾਂ ਦੀ ਸਮਝ ਵਿੱਚ ਵੀ ਆ ਗਈ ਸੀ ਕਿ ਇਹ ਵਾਲੀ ਸਰਕਾਰ ਮੁਲਕ ਦਾ ਇਹ ਖੇਤਰੀ ਵਾਲਾ ਸੈਕਟਰ ਵੀ ਕਾਰਪੋਰੇਟ ਅਦਾਰਿਆਂ ਹਵਲੋ ਕਰਨ ਜਾ ਰਹੀ ਹੈ ਅਤੇ ਇਹ ਅਜ ਵਾਲੇ ਕਿਸਾਨ ਅਤੇ ਖੇਤੀਆਂ ਦੇ ਮਾਲਕ ਕਲ ਮਜ਼ਦੂਰ ਬਣਕੇ ਆਪਣੇ ਹੀ ਖੇਤਾਂ ਉਤੇ ਕੰਮ ਕਰਨ ਲਈ ਮਜਬੂਰ ਕਰ ਦਿੱਤੇ ਜਾਣਗ। ਅਤੇ ਇਹ ਵਾਲਾ ਜ਼ੁਲਮ ਨਾ ਹੋ ਜਾਵੇ, ਮੁਲਕ ਦੀਆਂ ਕਿਸਾਨ ਜਥੇਬੰਦੀਆਂ ਨੇ ਇਕਠੇ ਹੋਕੇ ਇਕ ਅੰਦੋਲਨ ਸ਼ੁਰੂ ਕਰ ਦਿਤਾ ਸੀ ਜਿਹੜਾ ਸਰਕਾਰ ਨਾਲ ਗਲਬਾਤ ਤਾਂਕਰਦਾ ਰਿਹਾ, ਪਰ ਸਰਕਾਰ ਕਿਸਾਨਾਂ ਦਾ ਮਜ਼ਾਕ ਹੀ ਉਡਾਉਂਦੀ ਰਹੀ ਸੀ ਅਤੇ ਆਖਰ ਇਹ ਕਿਸਾਨਾਂ ਦਾ ਅੰਦੋਲਨ ਇਤਨਾ ਵਧ ਗਿਆ ਅਤੇ ਇਤਨਾ ਲੰਬਾ ਹੂੰਦਾ ਗਿਆ ਕਿ ਵਕਤ ਦੀ ਸਰਕਾਰ ਮੁਲਕ ਵਿੱਚ ਵੀ ਅਤੇ ਬਾਹਰ ਵੀ ਬਦਨਾਮ ਹੋਣ ਲਗ ਪਈ ਸੀ ਅਤੇ ਆਖਰ ਵਿੱਚ ਮੁਲਕ ਦੇ ਪ੍ਰਧਾਨ ਮੰਤਰੀ ਨੇ ਮਜਬੂਰੀ ਦੀ ਹਾਲਤ ਵਿੱਚ ਇਹ ਐਲਾਨ ਕਰ ਦਿੱਤਾ ਕਿ ਇਹ ਤਿੰਨੋਂ ਕਾਨੂੰਨ ਸਦਨ ਵਿੱਚ ਲਿਜਾਕੇ ਵਾਪਸ ਕਰ ਲਿਤੇ ਜਾਣਗੇ ਅਰਥਾਤ ਰਦ ਕਰ ਦਿਤੇ ਜਾਣਗ। ਐਸਾ ਐਲਾਨ ਇਸ ਮੁਲਕ ਵਿੱਚ ਪਹਿਲੀ ਵਾਰ ਆਇਆ ਸੀ ਅਤੇ ਇਹ ਵੀ ਸਮਝਿਆ ਜਾ ਰਿਹਾ ਸੀ ਕਿ ਅਸਲ ਵਿੱਚ ਇਹ ਭਾਜਪਾ ਵਾਲੇ ਆਪ ਵੀ ਮੋਦੀ ਜੀ ਉਤੇ ਨਾਰਾਜ਼ ਸਨ ਕਿ ਇਹ ਬਿਲ ਪਾਸ ਕਰਨ ਕਾਰਨ ਅਤੇ ਇਹ ਕਿਸਾਨਾ ਦੇ ਅੰਦੋਹਲਨ ਕਾਰਨ ਉਹ ਭਾਜਪਾ ਵਾਲੇ ਸਤ ਇਲਾਕਿ3ਆਂ ਵਿੱਚ ਹੋਈਆਂ ਚੋਣਾ ਵਿੱਚ ਹਾਰ ਗਏ ਸਨ। ਅੰਦੋਲਨ ਦਾ ਜ਼ੋਰ ਪਿਆ ਸੀ ਜਾਂ ਇਹ ਹਾਰ ਦਾ ਡਰ ਬਣ ਆਇਆ ਸੀ, ਮੋਦੀ ਜੀ ਨੇ ਇ ਤਿੰਨੋਂ ਕਾਨੂੰਨ ਵਾਪਸ ਕਰ ਲਏ ਅਤੇ ਸਦਨ ਚਿ ਪੌਸ਼ ਕਰਕੇ ਵਾਪਸ ਵੀ ਲੈ ਲਏ ਅਤੇ ਜਦ ਕਿਸਾਨਾ ਨੇ ਹਾਲਾਂ ਵੀ ਮੋਰਚਾ ਛਡਣ ਤੋਂ ਨਾਂਹ ਕਰ ਦਿਤੀ ਤਾਂ ਮੋਦੀ ਜੀ ਨੇ ਇਹ ਵੀ ਆਖ ਦਿੱਤਾ ਕਿ ਕਿਸਾਨ ਆਪਣੀ ਕਮੈਟੀ ਬਣਾਕੇ ਸਰਕਾਰਨਾਲ ਗਲ ਕਰਨ ਲਈ ਭੇਜਣ। ਇਹ ਕਮੈਟੀ ਵੀ ਬਣੀ ਅਤੇ ਕਿਸਾਨਾ ਦੀਆਂ ਸਾਰੀਆਂ ਦੀਆਂ ਸਾਰੀਆਂ ਮੰਗਾ ਪਰਵਾਨ ਵੀ ਕਰ ਲਿਤੀਆਂ ਗਈਆ ਹਨ।

ਇਸ ਸਾਰੀ ਕਹਾਣੀ ਵਿੱਚ ਕੋਣ ਹਾਰਿਆ ਅਤੇ ਕੋਣ ਜਿਤਿਆ, ਹਿਹ ਗਲਾਂ ਨਾਲ ਸਾਡਾ ਕੋਈਮਤਲਬ ਨਹੀਂ ਹੈ। ਅਸਲ ਵਿੱਚ ਇਥੇ ਜੋ ਵੀ ਹੋਇਆ ਹੈ ਅਸਾਂ ਇਹ ਦੇਖੀਏ ਕਿ ਇਹ ਕਹਾਣੀ ਦਾ ਅੰਤ ਐਸਾ ਹੋਇਆ ਹੈ ਕਿ ਅਸੀਂ ਭਾਰਤੀ ਪਰਜਾਤੰਤਰ ਵਲ ਅਗੇ ਕਦਮ ਵਧਾ ਸਕੇ ਹਾਂ। ਅਜ ਤਕ ਅਸੀਂ ਨਾਮ ਦੇ ਹੀ ਪਰਜਾਤੰਤਰ ਸਾਂ, ਪਰ ਇਸ ਘਟਨਾ ਨੇ ਸਾਡੇ ਪਰਜਾਤੰਤਰ ਲਈ ਨਵੇਂ ਰਾਹ ਖੋਲ੍ਹਦਿਤੇ ਹਨ। ਅਸੀਂ ਇਸ ਚੋਣ ਪ੍ਰਣਾਲੀ ਰਾਹੀਂ ਸਦਨ ਵਿੱਚ ਆਪਣੇ ਪ੍ਰਤੀਨਿਧ ਨਹੀਂ ਸਾਂ ਭੇਜ ਪਾ ਰਹੇ ਅਤੇ ਇਹ ਸਦਨਾਦੀ ਭਰਤੀ ਬਸ ਸਪੋਰਟਰਾਂ ਦੀਹੀ ਰਹੀ ਹੈ ਇਹ ਕਿਸਾਨ ਜਥੇਬੰਦੀਆਂ ਨੇ ਸਪੋਰਟਰਾਂ ਤੋਂ ਬਚਣ ਲਈ ਇਹ ਯੂਨੀਅਨ ਅਤੇ ਇਹ ਕਮੈਟੀਆਂ ਵਾਲਾ ਰਾਹ ਲਭਿਆ ਹੈ ਅਤੇ ਇਹ ਵੀ ਸਾਬਤ ਕਰ ਦਿਤਾ ਹੈ ਕਿ ਇਸ ਮੁਲਕ ਵਿੱਚ ਹੁਣ ਆਉਣ ਵਾਲੀਂ ਸਰਕਾਰਾਂ ਨੂੰ ਕਿਸੇ ਵੀ ਵਰਗ ਲਈ ਕੋਈ ਕਾਨੂੰਨ ਬਨਾਉਣ ਤੋਂ ਪਹਿਲਾਂ ਉਸ ਵਰਗ ਦੀਆਂ ਕਮੈਟੀਆਂ, ਅਰਥਾਤ ਐਸੋਸੀਏਸ਼ਨਾਂ ਨਾਲ ਗਲ ਕਰਨੀ ਪਿਆ ਕਰੇਗੀ ਅਤੇ ਇਹ ਵਰਗ ਆਪਣੀਆਂ ਕਮੈਟੀਆਂ ਬਣਾਕੇ ਸਰਕਾਰ ਨਾਲ ਗਲ ਕਰਿਆਕਰਨਗੇ ਅਤੇ ਇਸ ਤਰ੍ਹਾਂ ਅਗਰ ਸਦਨ ਵਿੱਚ ਉਨ੍ਹਾਂ ਦੇ ਪ੍ਰਤੀਨਿਧ ਨਹੀਂ ਵੀ ਹਨ ਤਾਂ ਇਹ ਕਮੈਟੀਆਂ ਉਨ੍ਹਾਂ ਦੇ ਹਕਾਂ ਦੀ ਰਾਖੀ ਕਰਿਆਕਰਨਗੀਆਂ। ਇਸ ਅੰਦੋਲਨ ਨੇ ਇਹ ਵੀ ਸਿਧ ਕਰ ਦਿਤਾ ਹੈ ਕਿ ਅਜ ਤਕ ਜਿਤਨੇ ਵੀ ਕਾਨੂੰਨ ਬਣਾਏ ਗਏ ਹਨ ਅਗਰ ਕਿਧਰੇ ਕੋਈ ਖਾਮੀ ਹੈ ਤਾਂ ਇਹ ਜੰਤਾ ਅਜ ਵੀ ਅੰਦੋਲਨ ਕਰ ਸਕਦੀ ਹੈ ਅਤੇ ਸਰਕਾਰ ਨੂੰ ਮਜਬੂਰ ਵੀ ਕਰ ਸਕਦੀ ਹੈ ਕਿ ਇਹ ਵਾਲੇ ਕਾਨੂੰਨ ਜਾਂ ਕਿਸੇ ਕਾਨੂੰਨ ਦੀਆਂ ਇਹ ਵਾਲੀਆਂ ਧਾਰਾਵਾਂ ਰਦ ਕਰ ਦਿਤੀਆਂ ਜਾਣ।

ਇਹ ਜਿਹੜੇ ਦੋ ਰਾਹ ਨਿਕਲ ਆਏ ਹਨ ਇਹ ਆਪਣੇ ਆਪ ਵਿੱਚ ਇਕ ਇਤਿਹਾਸ ਹਨ ਅਤੇ ਲੋਕਾਂ ਦੀ ਜਾਗ੍ਰਿਤੀ ਦਾ ਪ੍ਰਤੀਕ ਵੀ ਹਨ, ਇਹ ਕਿਸਾਨ ਅੰਦੋਲਨ ਅਤੇ ਮੋਦੀ ਜੀ ਨੇ ਦਲੇਰੀ ਨਾਲ ਇਹਕਾਨੂੰਨਾਂ ਦੀ ਵਾਪਸੀ ਦਾ ਜਿਹੜਾ ਰਾਹ ਲਭਿਆ ਹੈ ਇਹ ਅਪਣੇ ਆਪ ਹੀ ਇਕ ਨਵਾਂ ਇਤਿਹਾਸ ਰਚ ਗਏ ਹਨ ਅਤੇ ਇਹ ਵੀ ਆਖਿਆ ਜਾ ਸਕਦਾ ਹੈ ਕਿ ਅਸੀਂ ਮੁਲਕ ਵਿੱਚ ਪਰਜਾਤੰਤਰ ਵਲ ਕਦਮ ਅਗੇਵਧਾਏ ਹਨ। ਮੋਦੀ ਜੀ ਨੇ ਦਲੇਰੀ ਕਰਕੇ ਇਹ ਲੋਕ ਰਾਏ ਲੈਣ ਦਾ ਇਹ ਜਿਹੜਾ ਇਤਿਹਾਸ ਰਚਿਆ ਹੈ ਇਹ ਅਗਰ ਸਾਡੀ ਪ੍ਰੰਪਰਾ ਬਣ ਜਾਵੇ ਤਾਂ ਇਹ ਇਕ ਮਹਾਨ ਕਦਮ ਹੈ।

*-ਦਲੀਪ ਸਿੰਘ ਵਾਸਨ,*
*ਐਡਵੋਕੇਟ*
*101-ਸੀ*
*ਵਿਕਾਸ ਕਲੋਨੀ, ਪਟਿਆਲਾ*
*ਫੋਨ- 0175 5191856*

## ਸੜਕੀ ਅੱਤਵਾਦ-ਭੂੰਗ ਵਾਲੀਆਂ ਟਰਾਲੀਆਂ



ਸੜਕਾਂ ਉੱਤੇ ਬਿਨਾਂ ਰੋਕ-ਟੋਕ ਤੋਂ ਚੱਲਦੀਆਂ ਵੱਡੀਆਂ ਭੂੰਗ ਆਲੀਆਂ ਟਰਾਲੀਆਂ ਲਗਾਤਾਰ ਅਚਨਚੇਤੀ ਮੌਤਾਂ ਵੰਡ ਰਹੀਆਂ ਹਨ। ਇਹ ਟਰਾਲੀਆਂ ਪੂਰੀ ਸੜਕ ਨੂੰ ਰੋਕ ਕੇ ਚੱਲਦੀਆਂ ਨੇਂ, ਜਿਸ ਕਾਰਨ ਬਾਕੀ ਆਵਾਜਾਈ ਬੁਰੀ ਤਰਾਂ ਨਾਲ ਪ੍ਰਭਾਵਿਤ ਹੁੰਦੀ ਹੈ। ਇਹਨਾਂ ਟਰਾਲੀਆਂ ਕੋਲੋਂ ਤਾਂ ਵੱਡੇ ਹਾਈਵੇ ਤੇ ਵੀ ਸਾਈਡ ਲੈਣਾ ਬਹੁਤ ਹੀ ਔਖਾ ਕੰਮ ਹੁੰਦਾ ਹੈ ਤੇ ਜੇਕਰ ਮਾੜੀ ਕਿਸਮਤ ਨੂੰ ਲਿੰਕ ਸੜਕ ਤੇ ਤੁਹਾਨੂੰ ਇਹਨਾਂ ਦਾ ਸਾਹਮਣਾ ਕਰਨਾ ਪੈ ਜੇ ਤਾਂ ਤੁਹਾਡਾ ਰੱਬ ਈ ਰਾਖਾ ਏ। ਇਹਨਾਂ ਟਰਾਲੀਆਂ ਚ ਸਮਰੱਥਾ ਤੋਂ ਲੱਗਭੱਗ ਛੇ ਗੁਣਾ ਤੂੜੀ ਭਰੀ ਹੁੰਦੀ ਏ ਜਿਸ ਕਾਰਣ ਆਮ ਈ ਇਹ ਟਰਾਲੀਆਂ ਪਲਟ ਜਾਂਦੀਆਂ ਨੇਂ ਤੇ ਇਹਨਾਂ ਟਰਾਲੀਆਂ ਦੇ ਕਿੰਨੇ ਈ ਟਰੈਕਟਰ ਚਾਲਕ ਤੇ ਹੋਰ ਮਜ਼ਦੂਰ ਚਪੇਟ ਚ ਆ ਕੇ ਆਪਣੀ ਜਾਨ ਗੁਆ ਚੁੱਕੇ ਨੇਂ ਤੇ ਅਣਗਿਣਤ ਹੋਰ ਸੜਕ ਚਲਦੇ ਅਣਗਿਣਤ ਨਿਰਦੋਸ਼ ਲੋਕਾਂ ਦੀਆਂ ਵੀ ਜਾਨਾਂ ਜਾ ਚੁੱਕੀਆਂ ਹਨ।

ਉਪਰੋਂ ਅੱਜਕੱਲ੍ਹ ਇੰਨਾਂ ਦੇ ਟ੍ਰੈਕਟਰਾਂ ਤੇ ਤੇਜ ਆਵਾਜ ਚ ਚੱਲਦੇ ਗਾਣਿਆਂ ਚ ਇਹਨਾਂ ਨੂੰ ਪਿੱਛੋਂ ਆ ਰਹੇ ਕਿਸੇ ਵੀ ਸਾਧਨ ਦੇ ਹਾਰਨ ਦੀ ਆਵਾਜ਼ ਸੁਣਾਈ ਹੀ ਨਹੀਂ ਦਿੰਦੀ, ਜਿਸ ਕਾਰਨ ਜਿੱਥੇ ਟ੍ਰੈਫਿਕ ਦੀ ਬਹੁਤ ਵੱਡੀ ਸਮੱਸਿਆ ਪੈਦਾ ਹੋ ਜਾਂਦੀ ਏ, ਉੱਥੇ ਹੀ ਕਈ ਵਾਰ ਐਂਬੂਲੈਂਸ ਵਰਗੇ ਐਮਰਜੈਂਸੀ ਵਾਹਨ ਵੀ ਇਸ ਭੰਬਲਭੂਸੇ ਚ ਉਲਝ ਕੇ ਰਹਿ ਜਾਂਦੇ ਹਨ ਤੇ ਸਮੇਂ ਦੀ ਬਰਬਾਦੀ ਕਾਰਨ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ। ਰਾਤਾਂ ਨੂੰ ਤੇ ਧੁੰਦ ਦੇ ਖਤਰਨਾਕ ਮੌਸਮ ਚ ਤਾਂ ਹੋਰ ਵੀ ਬੁਰਾ ਹਾਲ ਏ ਕਿਉਂਕਿ ਇਹ ਟਰਾਲੀਆਂ ਬਿਲਕੁਲ ਹੀ ਨਜ਼ਰ ਨਹੀਂ ਆਉਂਦੀਆਂ, ਉਪਰੋਂ ਇਹਨਾਂ ਤੇ ਕਿਸੇ ਤਰਾਂ ਦੀ ਕੋਈ ਲਾਈਟ ਨਾਂ ਹੋਣ ਕਾਰਨ ਧੁੰਦ ਤੇ ਰਾਤ ਨੂੰ ਤਾਂ ਤੁਹਾਡਾ ਰੱਬ ਈ ਰਾਖਾ ਏ।

ਠੀਕ ਹੈ ਕਿ ਹਰੇਕ ਨੂੰ ਆਪਣਾ ਕਾਰੋਬਾਰ ਚਲਾਉਣ ਦਾ ਹੱਕ ਏ ਪਰ ਕਿਸੇ ਦੀ ਜਾਨ ਦੇ ਜੋਖਮ ਤੇ ਇਸ ਤਰਾਂ ਦੀ ਨਜਾਇਜ਼ ਆਵਾਜਾਈ ਰਾਹੀਂ ਪੈਸਾ ਕਮਾਉਣਾ ਕਿੱਥੋਂ ਤੱਕ ਜਾਇਜ ਏ। ਸਰਕਾਰ ਨੂੰ ਇਸ ਮਹੱਤਵਪੂਰਨ ਮੁੱਦੇ ਤੇ ਤੁਰੰਤ ਧਿਆਨ ਦੇਣਾ ਚਾਹੀਦਾ ਹੈ ਤੇ ਸਖਤੀ ਨਾਲ ਇਹਨਾਂ ਮੌਤ ਵੰਡਦੀਆਂ ਟਰਾਲੀਆਂ ਤੇ ਰੋਕ ਲਗਾਉਣੀ ਚਾਹੀਦੀ ਹੈ। ਖਾਸਕਰ ਛੋਟੇ-ਵੱਡੇ ਲੀਡਰਾਂ ਨੂੰ ਹੱਥ ਜੋੜ ਕੇ ਬੇਨਤੀ ਏ ਕਿ ਕਿਰਪਾ ਕਰਕੇ ਇਹਨਾਂ ਨਾਜਾਇਜ਼ ਆਵਾਜ਼ਾਈ ਕਰਦੀਆਂ ਟਰਾਲੀਆਂ ਨੂੰ ਜਾਣ ਦੇਣ ਲਈ ਟ੍ਰੈਫਿਕ ਪੁਲਿਸ ਤੇ ਪ੍ਰਸ਼ਾਸਨ ਤੇ ਦਬਾਅ ਨਾਂ ਪਾਇਆ ਕਰੋ ਜੀ ਕਿਉਂਕਿ ਇਹਨਾਂ ਸੜਕਾਂ ਦੀ ਵਰਤੋਂ ਤੁਹਾਡੇ ਅਜੀਜ ਵੀ ਕਰਦੇ ਨੇਂ। ਆਓ ਆਪਾਂ ਸਾਰੇ ਮਿਲ ਕੇ ਇਸ ਸੜਕੀ ਅੱਤਵਾਦ ਖਿਲਾਫ ਲਹਿਰ ਚਲਾਈਏ ਤਾਂ ਜੋ ਮੌਤ ਵੰਡਦੀਆਂ ਇਹਨਾਂ ਟਰਾਲੀਆਂ ਤੇ ਤੁਰੰਤ ਰੋਕ ਲੱਗ ਸਕੇ।

*-ਅਸ਼ੋਕ ਸੋਨੀ , ਕਾਲਮਨਵੀਸ*
*ਖੂਈ ਖੇੜਾ, ਫਾਜ਼ਿਲਕਾ*
*9872705078*

## ਜ਼ੁਬਾਨ ਦਾ ਰਸ !

ਸੰਸਾਰ ਵਿੱਚ ਵਿਚਰਦਿਆਂ ਮਨੁੱਖ ਕੋਲੋਂ ਜਾਣੇ-ਅਣਜਾਣੇ ਵਿੱਚ ਅਨੇਕਾਂ ਗ਼ਲਤੀਆਂ ਹੋ ਜਾਂਦੀਆਂ ਹਨ। ਫਿਰ ਅਸੀਂ ਅਕਸਰ ਕਹਿ ਦਿੰਦੇ ਹਾਂ ਕਿ 'ਮਨੁੱਖ ਤਾਂ ਗ਼ਲਤੀਆਂ ਦਾ ਪੁਤਲਾ ਹੈ।' ਮਨੁੱਖ ਕੋਲੋਂ ਜ਼ਿਆਦਾਤਰ ਹੋਈਆਂ ਗ਼ਲਤੀਆਂ ਦੀ ਸ਼ੁਰੂਆਤ ਜ਼ੁਬਾਨ ਤੋਂ ਹੀ ਹੁੰਦੀ ਹੈ। ਕਿਸੇ ਵੀ ਇਨਸਾਨ ਵੱਲੋਂ ਸਾਹਮਣੇ ਵਾਲੇ ਨੂੰ ਆਪਣੀ ਜ਼ੁਬਾਨ ਤੋਂ ਬੋਲੇ ਗਏ ਚੰਗੇ-ਮਾੜੇ ਸ਼ਬਦ ਵਾਪਸ ਤਾਂ ਨਹੀਂ ਹੁੰਦੇ, ਪਰ ਸਮੇਂ ਸਿਰ ਸਾਹਮਣੇ ਵਾਲੇ ਨਾਲ ਸੁਚੱਜੇ ਢੰਗ ਨਾਲ ਗੱਲਬਾਤ ਕਰਨ ਨਾਲ ਜ਼ੁਬਾਨੋਂ ਹੋਈ ਗ਼ਲਤੀ ਸੁਧਾਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਜਾ ਸਕਦੀ ਹੈ ਤਾਂ ਜੋ ਮਨੁੱਖੀ ਰਿਸ਼ਤਿਆਂ ਵਿੱਚ ਕੁੜੱਤਣ ਤੇ ਦਿਲ ਵਿੱਚ ਗ਼ਲਤਫਹਿਮੀ ਘਰ ਨਾ ਕਰ ਸਕੇ। ਇਸ ਲਈ ਇਹ ਬੇਹੱਦ ਜ਼ਰੂਰੀ ਹੋ ਜਾਂਦਾ ਹੈ ਕਿ ਮਨੁੱਖ ਨੂੰ ਸੋਚ ਸਮਝ ਕੇ ਬੋਲਣਾ ਚਾਹੀਦਾ ਹੈ।

ਇੱਕ ਸੂਝਵਾਨ ਮਨੁੱਖ ਦਾ ਕਦੀ ਵੀ ਇਹ ਮੰਤਵ ਨਹੀਂ ਹੋਣਾ ਚਾਹੀਦਾ ਕਿ ਉਹ ਆਪਣੇ ਬੋਲੇ ਗਏ ਬੋਲਾਂ ਨਾਲ ਕਿਸੇ ਦਾ ਮਨ ਦੁਖਾਵੇ, ਇਸੇ ਲਈ ਤਾਂ ਕਹਿੰਦੇ ਹਨ, 'ਪਹਿਲਾਂ ਤੋਲੋ ਫਿਰ ਬੋਲੋ।' ਇਹ ਜ਼ੁਬਾਨ ਹੀ ਤਾਂ ਹੈ ਜੋ ਮਨੁੱਖ ਨੂੰ 'ਫਰਸ਼ ਤੋਂ ਅਰਸ਼ ਤੇ ਅਰਸ਼ ਤੋਂ ਫਰਸ਼' ਤੱਕ ਪਹੁੰਚਾ ਦਿੰਦੀ ਹੈ। ਦੂਜੇ ਪਾਸੇ ਮਨੁੱਖ ਵੱਲੋਂ ਸਲੀਕੇ ਨਾਲ ਬੋਲੇ ਗਏ ਸ਼ਬਦ ਸੁਣਨ ਵਾਲੇ ਮਨੁੱਖ 'ਤੇ ਲੰਬੇ ਸਮੇਂ ਤੱਕ ਆਪਣਾ ਚੰਗਾ ਪ੍ਰਭਾਵ ਛੱਡ ਜਾਂਦੇ ਹਨ। ਕੋਈ ਵੀ ਮਨੁੱਖ ਆਚਰਣ ਪੱਖੋਂ ਕਿੰਨਾ ਹੀ ਉੱਚਾ ਕਿਉਂ ਨਾ ਹੋਵੇ, ਜੇਕਰ ਉਸ ਦੀ ਜ਼ੁਬਾਨ ਵਿੱਚ ਰਸ ਨਹੀਂ, ਸਲੀਕਾ ਨਹੀਂ ਤਾਂ ਉਸ ਦੇ ਸਮਾਜ ਵਿੱਚ ਵਿਚਰਦਿਆਂ ਲੋਕਾਂ ਨਾਲ ਸਬੰਧ ਸੁਖਾਵੇਂ ਨਹੀਂ ਹੋ ਸਕਦੇ। ਮਨੁੱਖ ਆਪਣੇ ਮਨ ਦੀਆਂ ਭਾਵਨਾਵਾਂ ਦੂਜੇ ਮਨੁੱਖ ਤੱਕ ਬੋਲਚਾਲ ਰਾਹੀਂ ਹੀ ਪ੍ਰਗਟ ਕਰਦਾ ਹੈ। ਭਾਸ਼ਾ ਕੋਈ ਵੀ ਸਕਦੀ ਹੈ, ਪਰ ਮਾਅਨੇ ਇਹ ਰੱਖਦਾ ਹੈ ਕਿ ਬੋਲੇ ਗਏ ਸ਼ਬਦ ਚੰਗੇ ਸਨ ਜਾਂ ਮਾੜੇ। ਅਕਸਰ ਕਿਹਾ ਜਾਂਦਾ ਹੈ ਕਿ 'ਮਾੜਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ' ਸੋ ਕਰਤਾਰ ਯਾਨੀ ਕਿ ਪਰਮਾਤਮਾ ਦਾ ਡਰ ਮਨ ਵਿੱਚ ਵਸਾ ਕੇ ਮਾੜਾ ਬੋਲ ਨਹੀਂ ਬੋਲਣਾ ਚਾਹੀਦਾ। ਮਾੜਾ ਬੋਲ ਬੋਲਣ ਨਾਲੋਂ ਤਾਂ ਕਿਤੇ ਚੰਗਾ ਹੈ ਚੁੱਪ ਰਹਿਣਾ ਤਾਂ ਹੀ ਕਿਹਾ ਜਾਂਦਾ ਹੈ 'ਇੱਕ ਚੁੱਪ ਸੌ ਸੁੱਖ।'

ਕਈ ਮਨੁੱਖ ਮਾੜਾ ਬੋਲ ਬੋਲਣ ਕਾਰਨ ਆਪਣੇ ਆਪ ਨੂੰ ਕਈ ਤਰ੍ਹਾਂ ਦੀਆਂ ਮੁਸੀਬਤਾਂ ਵਿੱਚ ਫਸਾ ਬੈਠਦੇ ਹਨ। ਮਾੜਾ ਬੋਲ ਬੋਲਣ ਵਾਲੇ ਤੋਂ ਲੋਕ ਅਕਸਰ ਪਾਸਾ ਵੱਟ ਜਾਂਦੇ ਹਨ। ਅਜਿਹੇ ਮਨੁੱਖ ਦੇ ਅਕਸਰ ਬਣਦੇ ਕੰਮ ਮਾੜੀ ਬੋਲਬਾਣੀ ਕਾਰਨ ਵਿਗੜਦਿਆਂ ਦੇਰ ਨਹੀਂ ਲੱਗਦੀ। ਸਿਆਣੇ, ਸੂਝਵਾਨ ਇਨਸਾਨ ਵਿੱਚ ਬੈਠਾ ਮੂਰਖ ਮਨੁੱਖ ਵੀ ਉਦੋਂ ਤੱਕ ਹੀ ਸਿਆਣਾ ਤੇ ਸੂਝਵਾਨ ਹੁੰਦਾ ਹੈ, ਜਦੋਂ ਤੱਕ ਉਸ ਦੀ ਜ਼ੁਬਾਨ ਬੰਦ ਰਹਿੰਦੀ ਹੈ।

ਪੁਰਾਤਨ ਸਮਿਆਂ ਤੋਂ ਹੀ ਬੋਲਬਾਣੀ ਨਾਲ ਸਬੰਧਤ ਅਨੇਕਾਂ ਕਥਾ, ਕਹਾਣੀਆਂ ਤੇ ਕਿੱਸੇ ਪ੍ਰਚੱਲਿਤ ਹਨ। ਕਹਿੰਦੇ ਹਨ ਕਿ ਪੁਰਾਤਨ ਸਮਿਆਂ ਵਿੱਚ ਸਫ਼ਰ 'ਤੇ ਨਿਕਲੇ ਮੁਸਾਫ਼ਿਰ ਕੋਈ ਢੁੱਕਵਾਂ ਸਾਧਨ ਨਾ ਹੋਣ ਕਾਰਨ ਪੈਦਲ ਹੀ ਨਿਕਲ ਪੈਂਦੇ ਸਨ। ਰਸਤੇ ਵਿੱਚ ਕੋਈ ਵੀ ਢੁੱਕਵੀਂ ਥਾਂ 'ਤੇ ਰੁਕਦੇ ਤੇ ਆਰਾਮ ਕਰਕੇ ਅਗਲੇ ਸਫ਼ਰ ਦਾ ਪੈਂਡਾ ਤੈਅ ਕਰਨ ਲਈ ਤੁਰ ਪੈਂਦੇ। ਜ਼ਿਆਦਾਤਰ ਮੁਸਾਫ਼ਿਰ ਸਫ਼ਰ ਦੌਰਾਨ ਆਪਣੀ ਭੁੱਖ ਮਿਟਾਉਣ ਲਈ ਆਪਣਾ ਖਾਣ-ਪੀਣ ਦਾ ਸਾਮਾਨ ਨਾਲ ਹੀ ਰੱਖਦੇ ਤੇ ਜੇਕਰ ਖਾਣ-ਪੀਣ ਦਾ ਸਾਮਾਨ ਸਫ਼ਰ ਦੌਰਾਨ ਮੁੱਕ ਜਾਂਦਾ ਤਾਂ ਉਨ੍ਹਾਂ ਸਮਿਆਂ ਵਿੱਚ ਭੁੱਖੇ ਰਾਹੀਆਂ ਨੂੰ ਲੋਕ ਵੀ ਭੋਜਨ ਛਕਾਉਣਾ ਚੰਗਾ ਮੰਨਦੇ ਸਨ। ਇਸੇ ਤਰ੍ਹਾਂ ਇੱਕ ਵਾਰ ਕੋਈ ਮੁਸਾਫ਼ਿਰ ਜੰਗਲ-ਬੇਲਿਆਂ, ਸ਼ਹਿਰਾਂ-ਕਸਬਿਆਂ ਵਿੱਚੋਂ ਹੁੰਦਾ ਹੋਇਆ ਆਪਣੀ ਮੰਜ਼ਲਿ ਵੱਲ ਵਧ ਰਿਹਾ ਸੀ। ਆਪਣੇ ਸਫ਼ਰ ਦਾ ਕਾਫ਼ੀ ਪੈਂਡਾ ਤੈਅ ਕਰਨ ਮਗਰੋਂ ਉਸ ਕੋਲ ਆਪਣੀ ਭੁੱਖ ਮਿਟਾਉਣ ਲਈ ਰੱਖਿਆ ਭੋਜਨ ਖ਼ਤਮ ਹੋ ਚੁੱਕਿਆ ਸੀ। ਆਪਣੀ ਭੁੱਖ ਮਿਟਾਉਣ ਲਈ ਉਹ ਜਦੋਂ ਇੱਕ ਪਿੰਡ ਵਿੱਚ ਵੜਿਆ ਤਾਂ ਇੱਕ ਘਰ ਦਾ ਛੋਟਾ ਜਿਹਾ ਦਰਵਾਜ਼ਾ ਖੁੱਲ੍ਹਾ ਦੇਖ ਕੇ ਕੁੱਝ ਖਾਣ ਲਈ ਆਵਾਜ਼ ਲਗਾਈ ਤਾਂ ਉਸ ਘਰ ਵਿੱਚ ਰਹਿੰਦੀ ਇੱਕ ਬਜ਼ੁਰਗ ਮਾਈ ਨੇ ਉਸ ਨੂੰ ਘਰ ਅੰਦਰ ਆਉਣ ਲਈ ਕਿਹਾ ਤਾਂ ਉਹ ਭੁੱਖਾ ਮੁਸਾਫ਼ਿਰ ਘਰ ਦੇ ਛੋਟੇ ਜਿਹੇ ਦਰਵਾਜ਼ੇ ਵਿੱਚੋਂ ਅੰਦਰ ਲੰਘ ਕੇ ਵਿਹੜੇ ਵਿੱਚ ਜਾ ਬੈਠਾ। ਬਜ਼ੁਰਗ ਮਾਈ ਨੇ ਉਸ ਨੂੰ ਪਾਣੀ ਪਿਲਾਉਣ ਤੋਂ ਬਾਅਦ ਉਸ ਲਈ ਚੁੱਲ੍ਹੇ 'ਤੇ ਪੱਕਣ ਲਈ ਚੌਲ ਧਰ ਦਿੱਤੇ। ਮੁਸਾਫ਼ਿਰ ਬਜ਼ੁਰਗ ਮਾਈ ਨਾਲ ਗੱਲੀਂ ਲੱਗ ਗਿਆ ਤੇ ਗੱਲਾਂ ਕਰਦੇ-ਕਰਦੇ ਉਸ ਦੀ ਨਜ਼ਰ ਘਰ ਦੇ ਵਿਹੜੇ ਵਿੱਚ ਬੰਨ੍ਹੀ ਮੱਝ 'ਤੇ ਜਾ ਪਈ। ਉਸ ਮੁਸਾਫ਼ਿਰ ਦੀ ਜ਼ੁਬਾਨ ਤੋਂ ਕੁਝ ਅਜਿਹੇ ਸ਼ਬਦ ਬੋਲੇ ਗਏ ਜੋ ਬਜ਼ੁਰਗ ਮਾਈ ਨੂੰ ਬੇਹੱਦ ਦੁਖੀ ਕਰ ਗਏ। ਮੱਝ ਦੇਖ ਕੇ ਉਸ ਮੁਸਾਫ਼ਿਰ ਨੇ ਕਿਹਾ, 'ਮਾਈ ਜੇ ਤੁਹਾਡੇ ਵਿਹੜੇ ਵਿੱਚ ਬੰਨ੍ਹੀ ਮੱਝ ਮਰ ਜਾਵੇ ਤਾਂ ਤੂੰ ਇਸ ਨੂੰ ਘਰ ਤੋਂ ਬਾਹਰ ਇਸ ਛੋਟੇ ਜਿਹੇ ਦਰਵਾਜ਼ੇ ਵਿੱਚੋਂ ਬਾਹਰ ਕਿਵੇਂ ਕੱਢੇਂਗੀ।' ਉਸ ਮੁਸਾਫ਼ਿਰ ਦੀ ਜ਼ੁਬਾਨ ਤੋਂ ਇਹ ਮਾੜੇ ਬੋਲ ਨਿਕਲਣ ਦੀ ਦੇਰ ਸੀ ਕਿ ਬਜ਼ੁਰਗ ਮਾਈ ਨੇ ਚੁੱਲ੍ਹੇ 'ਤੇ ਪੱਕਣ ਲਈ ਧਰੇ ਚੌਲ ਜੋ ਅਜੇ ਅੱਧ ਪੱਕੇ ਹੀ ਸਨ, ਚੁੱਲ੍ਹੇ ਤੋਂ ਲਾਹ ਕੇ ਉਸ ਮੁਸਾਫ਼ਿਰ ਦੀ ਗਠੜੀ ਵਿੱਚ ਪਾ ਕੇ ਉਸ ਨੂੰ ਘਰੋਂ ਬਾਹਰ ਦਾ ਰਸਤਾ ਦਿਖਾ ਦਿੱਤਾ। ਹੁਣ ਜਦੋਂ ਉਹ ਮੁਸਾਫ਼ਿਰ ਰਸਤੇ ਵਿੱਚ ਤੁਰਿਆ ਜਾ ਰਿਹਾ ਸੀ ਤਾਂ ਜਿਸ ਗਠੜੀ ਵਿੱਚ ਉਸ ਬਜ਼ੁਰਗ ਮਾਈ ਨੇ ਅੱਧ ਪੱਕੇ ਚੌਲ ਪਾਏ ਸਨ, ਉਸ ਵਿੱਚੋਂ ਪਾਣੀ ਚੋਅ ਰਿਹਾ ਸੀ। ਜਦੋਂ ਲੋਕਾਂ ਨੇ ਉਸ ਦੀ ਗਠੜੀ ਵਿੱਚੋਂ ਚੋਅ ਰਹੇ ਪਾਣੀ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, 'ਇਹ ਮੇਰੀ ਜ਼ੁਬਾਨ ਦਾ ਰਸ ਚੋਅ ਰਿਹਾ ਹੈ।' ਇੰਨਾ ਕਹਿ ਕੇ ਉਹ ਮੁਸਾਫ਼ਿਰ ਆਪਣੀ ਮੰਜ਼ਲਿ ਵੱਲ ਨੂੰ ਚੱਲ ਪਿਆ। ਸੋ ਬਿਨਾਂ ਸੋਚੇ-ਸਮਝੇ ਮਾੜੇ ਬੋਲ ਬੋਲਣ ਨਾਲੋਂ ਸੋਚ-ਸਮਝ ਕੇ ਬੋਲੇ ਬੋਲ ਮਨੁੱਖ ਨੂੰ ਅਨੇਕਾਂ ਮੁਸ਼ਕਿਲਾਂ ਤੋਂ ਬਚਾ ਸਕਦੇ ਹਨ।

*-ਹਰਮਨਪ੍ਰੀਤ ਸਿੰਘ,*
*ਸਰਹਿੰਦ, ਜ਼ਿਲ੍ਹਾ: ਫ਼ਤਹਿਗੜ੍ਹ ਸਾਹਿਬ,*
*ਸੰਪਰਕ: 98550 10005*

## " ਪਿਆਰੇ ਬੱਚਿਓ ! ਆਓ ਪਰਵਾਸੀ - ਪੰਛੀਆਂ ਬਾਰੇ ਜਾਣੀਏ "



ਪਿਆਰੇ ਬੱਚਿਓ ! ਹਰ ਸਾਲ ਕਿਸੇ ਵੀ ਦੇਸ਼ , ਸਥਾਨ ਜਾਂ ਭੂ - ਖੰਡ ਵਿੱਚ ਸਰਦੀਆਂ ਦਾ ਮੌਸਮ ਸ਼ੁਰੂ ਹੁੰਦੇ ਸਾਰ ਹੀ ਅਨੇਕਾਂ ਪੰਛੀ ਹਜ਼ਾਰਾਂ ਮੀਲ ਦੀਆਂ ਯਾਤਰਾਵਾਂ ਕਰਕੇ ਗਰਮ ਪ੍ਰਦੇਸਾਂ ਵਿੱਚ ਆ ਜਾਂਦੇ ਹਨ , ਅਜਿਹੇ ਪੰਛੀਆਂ ਨੂੰ ' ਪਰਵਾਸੀ - ਪੰਛੀ ' ਆਖਦੇ ਹਨ। ਹਰ ਸਾਲ ਪੰਛੀਆਂ ਦਾ ਇੱਕ ਤੋਂ ਦੂਜੀ ਥਾਂ 'ਤੇ ਜਾਣਾ ਅਤੇ ਕੁਝ ਸਮਾਂ ਉੱਥੇ ਰੁਕਣਾ " ਪਰਵਾਸ " ਅਖਵਾਉਂਦਾ ਹੈ। ਇਨ੍ਹਾਂ ਪੰਛੀਆਂ ਦਾ ਪਰਵਾਸ ਹੋਰ ਕੁਝ ਨਹੀਂ , ਬਲਕਿ ਇੱਕ ਛਿਮਾਹੀ/ਸਾਲਾਨਾ ਗਤੀਵਿਧੀ ਹੀ ਹੁੰਦੀ ਹੈ। ਬੱਚਿਓ ! ਪੰਛੀਆਂ ਨੂੰ ਪ੍ਰਵਾਸ ਦੀ ਜ਼ਰੂਰਤ ਭੋਜਨ ਅਤੇ ਪਾਣੀ ਦੀ ਭਾਲ , ਅਨੁਕੂਲ ਮੌਸਮ ਦੀ ਭਾਲ , ਠੰਢ ਤੋਂ ਬਚਣ , ਅੰਡੇ ਦੇਣ , ਬੱਚੇ ਪਾਲਣ , ਆਪਣੇ ਆਪ ਨੂੰ ਗਰਮ ਰੱਖਣ , ਸੋਕੇ ਤੋਂ ਬਚਣ ਆਦਿ ਕਾਰਨਾਂ ਕਰਕੇ ਪੈਂਦੀ ਹੈ। ਕਈ ਠੰਢੇ ਦੇਸ਼ਾਂ ਵਿੱਚ ਜਦੋਂ ਭਾਰੀ ਬਰਫਬਾਰੀ ਪੈਂਦੀ ਹੈ ਤਾਂ ਪੰਛੀਆਂ ਨੂੰ ਭੋਜਨ ਦੇ ਤੌਰ 'ਤੇ ਕੀੜੇ - ਮਕੌੜੇ , ਦਾਣਾ , ਚੋਗਾ , ਫ਼ਲ , ਫੁੱਲ ਅਤੇ ਹੋਰ ਬਨਸਪਤੀ ਆਦਿ ਖਾਣ ਲਈ ਨਹੀਂ ਮਿਲਦਾ ਤੇ ਰਹਿਣ ਲਈ ਯੋਗ ਹਾਲਾਤ ਵੀ ਨਹੀਂ ਹੁੰਦੇ । ਤਦ ਅਜਿਹੀ ਸਥਿਤੀ ਵਿੱਚ ਪੰਛੀਆਂ ਨੂੰ ਪਰਵਾਸ ਕਰਨਾ ਪੈਂਦਾ ਹੈ।ਪਿਆਰੇ ਬੱਚਿਓ ! ਪੰਛੀਆਂ ਦਾ ਪਰਵਾਸ ਕੋਈ ਮਜ਼ੇਦਾਰ ਗੱਲ ਨਹੀਂ ਹੁੰਦੀ , ਸਗੋਂ ਪੰਛੀਆਂ ਦੇ ਲਈ ਇੱਕ ਵੱਡੀ ਚੁਣੌਤੀ ਹੁੰਦੀ ਹੈ ; ਕਿਉਂਕਿ ਪੰਛੀਆਂ ਨੂੰ ਅਣਥੱਕ ਸਰੀਰਕ ਮਿਹਨਤ ਕਰਕੇ ਅਤੇ ਬੇਹੱਦ ਜੋਖਿਮ ਉਠਾ ਕੇ , ਤੇਜ਼ ਹਵਾਵਾਂ ਦੇ ਵੇਗ ਦਾ ਸਾਹਮਣਾ ਕਰਦੇ ਹੋਏ , ਵੱਖ - ਵੱਖ ਦੁਰਘਟਨਾਵਾਂ ਦਾ ਸਾਹਮਣਾ ਕਰਦੇ ਹੋਏ ਤੇ ਕਸ਼ਟ ਝੱਲਦੇ ਹੋਏ , ਵੱਖ - ਵੱਖ ਔਖੇ ਸਥਾਨਾਂ , ਟਾਪੂਆਂ , ਬਰਫੀਲੇ ਇਲਾਕਿਆਂ , ਉੱਚੇ ਪਹਾੜਾਂ , ਸਮੁੰਦਰਾਂ , ਦਰਿਆਵਾਂ , ਚੋਟੀਆਂ , ਵੱਖ - ਵੱਖ ਦੇਸ਼ਾਂ ਆਦਿ ਨੂੰ ਪਾਰ ਕਰਦੇ ਹੋਏ ਪਰਵਾਸ ਕਰਨਾ ਪੈਂਦਾ ਹੈ। ਪੰਛੀ ਅਕਸਰ ਉੱਤਰ ਤੋਂ ਦੱਖਣ ਵੱਲ ਹੀ ਪਰਵਾਸ ਕਰਦੇ ਹਨ ਅਤੇ ਜ਼ਿਆਦਾ ਕਰਕੇ ਸਰਦੀਆਂ ਸ਼ੁਰੂ ਹੋਣ ਤੋਂ ਪਹਿਲਾਂ ਆਪਣੀ ਪਰਵਾਸ - ਯਾਤਰਾ ਸ਼ੁਰੂ ਕਰ ਦਿੰਦੇ ਹਨ , ਪਰ ਕੁਝ ਪੰਛੀ ਦੱਖਣ ਦਿਸ਼ਾ ਤੋਂ ਉੱਤਰ ਵੱਲ ਵੀ ਪਰਵਾਸ ਕਰਦੇ ਹਨ। ਪੰਛੀ ਅਕਸਰ ਇਹ ਯਾਤਰਾਵਾਂ ਸੂਰਜ , ਤਾਰਿਆਂ , ਚੰਨ ਆਦਿ ਤੋਂ ਪ੍ਰੇਰਿਤ ਹੋ ਕੇ ਸਹੀ ਦਿਸ਼ਾ ਅਤੇ ਸਹੀ ਮੰਜ਼ਲਿ ਵੱਲ ਕਰਦੇ ਹਨ। ਉਨ੍ਹਾਂ ਵਿੱਚ ਪਰਵਾਸ ਸਬੰਧੀ ਜਨਮ - ਜਾਤ ਸ਼ਕਤੀ ਵੀ ਹੁੰਦੀ ਹੈ। ਪੰਛੀ ਸੂਰਜ ਦੀ ਮਦਦ ਨਾਲ ਉੱਡਣ ਦੀ ਦਿਸ਼ਾ ਤੈਅ ਕਰਦੇ ਹਨ। ਕਈ ਵਿਗਿਆਨੀਆਂ ਦਾ ਮੰਨਣਾ ਹੈ ਕਿ ਪੰਛੀ ਪ੍ਰਿਥਵੀ ਦੇ ਚੁੰਬਕੀ ਖੇਤਰ ਦੇ ਅਨੁਸਾਰ ਵਿਸ਼ੇਸ਼ ਸੰਵੇਦਨਾ ਪ੍ਰਾਪਤ ਕਰਕੇ ਪਰਵਾਸ ਕਰਦੇ ਹਨ। ਹੈਰਾਨੀਜਨਕ ਗੱਲ ਇਹ ਵੀ ਹੈ ਕਿ ਪੰਛੀ ਪਰਵਾਸ ਕਰਨ ਤੋਂ ਪਹਿਲਾਂ ਜ਼ਿਆਦਾ ਖੁਰਾਕ ਦਾ ਸੇਵਨ ਕਰਦੇ ਹਨ। ਜਿਸ ਨਾਲ ਇਹਨਾਂ ਦੇ ਸਰੀਰ ਦੀ ਚਰਬੀ ਦੀ ਪਰਤ ਮੋਟੀ ਹੋ ਜਾਂਦੀ ਹੈ ਤੇ ਇਹਨਾਂ ਦਾ ਭਾਰ ਲਗਭਗ ਦੁੱਗਣਾ ਹੋ ਜਾਂਦਾ ਹੈ। ਬੱਚਿਓ ! ਪੰਛੀਆਂ ਦੀ ਇਹ ਪਰਵਾਸ - ਕ੍ਰਿ-ਰਆ /ਸਥਾਨਾਂਤਰਣ ਕਿਰਿਆ ਬਹੁਤ ਹੀ ਨਿਯਮਤ ਅਤੇ ਸੁਵਿਵਸਥਿਤ ਹੁੰਦੀ ਹੈ। ਪਿਆਰੇ ਬੱਚਿਓ ! ਪੰਛੀਆਂ ਦੀ ਇਹ ਪਰਵਾਸ - ਯਾਤਰਾ ਬਿਨਾਂ ਕਿਸੇ ਟਰੇਨਿੰਗ ਜਾਂ ਪੂਰਵ ਅਨੁਮਾਨ ਦੇ ਹੁੰਦੀ ਹੈ। ਪੰਛੀ ਪਰਵਾਸ - ਯਾਤਰਾ ਦੌਰਾਨ 900 ਮੀਟਰ ਤੋਂ 9000 ਮੀਟਰ ਤੱਕ ਦੀ ਉਚਾਈ 'ਤੇ ਉੱਡਦੇ ਹਨ। ਕਥਿਤ ਤੌਰ 'ਤੇ ਪਰਵਾਸੀ - ਪੰਛੀ ਲਗਭਗ ਚਾਰ ਹਜ਼ਾਰ ਕਿਲੋਮੀਟਰ ਤੋਂ ਪੰਜਾਹ - ਸੱਠ ਹਜ਼ਾਰ ਕਿਲੋਮੀਟਰ ਤੱਕ ਦੀ ਸਾਲਾਨਾ ਪਰਵਾਸ - ਯਾਤਰਾ ਕਰ ਲੈਂਦੇ ਹਨ। ਬੱਚਿਓ ! ਇਨ੍ਹਾਂ ਪਰਵਾਸੀ ਪੰਛੀਆਂ ਵਿੱਚ ਚਿੱਟਾ ਸਟੋਰਕ , ਆਰਕਟਿਕ ਟਰਨ , ਗਰੇਲੈਗ ਗੂਜ , ਬਾਰ ਹੈਡਡ ਗੂਜ਼ , ਸੇਜ ਵਾਰਬਲਰ , ਕਾਲੀਆਂ ਮੁਰਗ਼ਾਬੀਆਂ , ਆਰਕਟਿਕ ਟਰਨ ਚਿੜੀਆਂ , ਰਿਫੋਸ ਹਮਿੰਗਬਰਡ ਆਦਿ - ਆਦਿ ਨਾਮ ਸ਼ਾਮਿਲ ਹਨ। ਪਿਆਰੇ ਬੱਚਿਓ ! ਪੰਜਾਬ ਦੇ ਹਰੀਕੇ ਪੱਤਣ ਝੀਲ , ਰੋਪੜ ਜਲਗਾਹ , ਕਾਂਜਲੀ ਝੀਲ , ਹੁਸੈਨੀਵਾਲਾ ਝੀਲ , ਨੰਗਲ ਡੈਮ ਝੀਲ , ਸੁਖਨਾ ਝੀਲ ਆਦਿ ਥਾਵਾਂ ਵਿਖੇ ਵੱਖ - ਵੱਖ ਦੇਸ਼ਾਂ ਜਿਵੇਂ ਕਿ ਸਾਇਬੇਰੀਆ , ਰੂਸ , ਕਜ਼ਾਕਿਸਤਾਨ , ਮੰਗੋਲੀਆ , ਉੱਤਰ ਪੂਰਬੀ ਚੀਨ , ਯੂਰੇਸ਼ੀਆ , ਯੂਰਪ , ਤੁਰਕੀ ਆਦਿ ਸਥਾਨਾਂ ਤੋਂ ਪਰਵਾਸੀ - ਪੰਛੀ ਆਉਂਦੇ ਹਨ। ਇਹ ਪਰਵਾਸੀ - ਪੰਛੀ ਮਾਰਚ ਮਹੀਨੇ ਦੇ ਕਰੀਬ ਵਾਪਿਸ ਆਪਣੇ ਪਰਦੇਸਾਂ ਨੂੰ ਚਲੇ ਜਾਂਦੇ ਹਨ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਪੰਛੀਆਂ ਤੋਂ ਇਲਾਵਾ ਕਈ ਥਣਧਾਰੀ ਜੀਵ , ਕੀਟ , ਪਤੰਗੇ , ਸੱਪ , ਈਲ ਮੱਛੀ , ਤਿੱਤਲੀਆਂ , ਚਮਗਾਦੜ , ਅਲਾਸਕਾ ਸੀਲ , ਸਿਅਰਵਾਟਰ ਚਿੜੀ ਆਦਿ ਪ੍ਰਾਣੀ ਵੀ ਆਪਣੀ ਜ਼ਰੂਰਤ ਅਨੁਸਾਰ ਪਾਣੀ , ਧਰਤੀ ਅਤੇ ਆਕਾਸ਼ ਮਾਰਗ ਰਾਹੀਂ ਪਰਵਾਸ ਕਰਦੇ ਹਨ। ਪਿਆਰੇ ਬੱਚਿਓ ! ਸੰਨ 2016 ਤੋਂ 10 ਮਈ ਨੂੰ ਮਾਈਗ੍ਰੇਟਰੀ ਵਰਲਡ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਿਆਰੇ ਬੱਚਿਓ ! ਜੇਕਰ ਤੁਹਾਡੇ ਆਲੇ - ਦੁਆਲੇ ਕਿਸੇ ਝੀਲ , ਜਲਗਾਹ ਆਦਿ ਸਥਾਨ 'ਤੇ ਦੂਰ ਦੇਸ਼ਾਂ - ਪ੍ਰਦੇਸਾਂ ਤੋਂ ਪਰਵਾਸੀ - ਪੰਛੀ ਪਰਵਾਸ ਦੌਰਾਨ ਆਉਂਦੇ ਹੋਣ ਤਾਂ ਤੁਸੀਂ ਉਨ੍ਹਾਂ ਨੂੰ ਦੇਖਣ ਲਈ ਜ਼ਰੂਰ ਜਾਣਾ ਅਤੇ ਇਹ ਵੀ ਯਾਦ ਰੱਖਣਾ ਕਿ ਕਦੇ ਕਿਸੇ ਪੰਛੀ ਨੂੰ ਤੰਗ - ਪ੍ਰੇਸ਼ਾਨ ਨਾ ਕਰਨਾ , ਉਨ੍ਹਾਂ ਦਾ ਸ਼ਿਕਾਰ ਨਾ ਕਰਨਾ ਤੇ ਨਾ ਹੀ ਉਨ੍ਹਾਂ ਨੂੰ ਕਦੇ ਡਰਾਉਣਾ , ਤਾਂ ਜੋ ਉਹ ਸਾਡੇ ਦੇਸ਼ ਵਿੱਚ ਆਉਣ ਤੋਂ ਗੁਰੇਜ਼ ਨਾ ਕਰਨ। ਇਸ ਸਭ ਦੇ ਲਈ ਸਾਨੂੰ ਸਭ ਨੂੰ ਕੁਦਰਤ , ਪਾਣੀ , ਧਰਤੀ ਅਤੇ ਹਵਾ ਦੀ ਸ਼ੁੱਧਤਾ ਨੂੰ ਵੀ ਬਰਕਰਾਰ ਰੱਖਣਾ ਹੋਵੇਗਾ ਤੇ ਵੱਧ ਤੋਂ ਵੱਧ ਰੁੱਖ ਲਗਾਉਂਦੇ ਰਹਿਣਾ ਚਾਹੀਦਾ ਹੈ । ਸੋ ਪਿਆਰੇ ਬੱਚਿਓ ! ਜਦੋਂ ਵੀ ਮੌਕਾ ਮਿਲੇ ਪਰਵਾਸੀ - ਪੰਛੀਆਂ ਨੂੰ ਜ਼ਰੂਰ ਨਿਹਾਰਨਾ ਅਤੇ ਕੁਦਰਤ ਦਾ ਅਨੰਦ ਮਾਨਣਾ। ਅਗਲੀ ਵਾਰ ਕਿਸੇ ਹੋਰ ਵਿਸ਼ੇ ਨਾਲ ਫੇਰ ਮਿਲਾਂਗੇ ......
ਤੁਹਾਡਾ ਆਪਣਾ...

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

ਮਿੰਨੀ ਕਹਾਣੀਆਂ

## ਫੁੱਲਾਂ ਦੀ ਗੱਲਬਾਤ

ਦੀਵਾਲੀ ਦੀ ਰਾਤ ਚਾਰੇ ਪਾਸੇ ਦੀਵਿਆਂ ਦਾ ਰੋਸ਼ਨੀ ਨਾਲ ਲਛਮੀ ਜੀ ਦੇ ਗਲੇ ਨਾਲ ਲਿਪਟਿਆ ਗੈਂਦੇ ਦੇ ਫੁੱਲ ਦਾ ਹਾਰ ਫੁੱਲਿਆ ਨਹੀਂ ਸਮਾ ਰਿਹਾ ਸੀ। ਮਾਣ ਨਾਲ ਝੂਮਦੇ ਹੋਏ ਲਛਮੀ ਦੇ ਚਰਨਾਂ ਵਿੱਚ ਪਏ ਗੁਲਾਬ ਉੱਤੇ ਨਜ਼ਰ ਮਾਰਦੇ ਹੋਏ ਘੁਮੰਡ ਵਿੱਚ ਚੂਰ, ਹੰਕਾਰੀ ਸ਼ਬਦਾਂ ਨਾਲ ਗੁਲਾਬ ਨੂੰ ਸੰਬੋਧਨ ਹੁੰਦੇ ਹੋਏ ਬੋਲਿਆ, 'ਤੂੰ ਆਪਣੇ ਆਪ ਫੁੱਲਾਂ ਦਾ ਰਾਜਾ ਕਹਿੰਦਾ ਏਂ, ਅੱਜ ਆਪਣੀਆਂ ਅੱਖਾਂ ਨਾਲ ਦੇਖ ਲੈ, ਤੂੰ ਕਿੱਥੇ ਅਤੇ ਮੈਂ ਕਿੱਥੇ, ਹਾ ਹਾ ਹਾ...।'

ਗੁਲਾਬ ਨੇ ਬੜੇ ਸ਼ਾਂਤ ਚਿੱਤ ਨਾਲ ਜਵਾਬ ਦਿੰਦੇ ਹੋਏ ਕਿਹਾ, ''ਮਿੱਤਰਾ! ਤੂੰ ਬਿਲਕੁਲ ਸੱਚ ਕਹਿ ਰਿਹਾ ਏਂ, ਤੇਰੀ ਗੱਲ ਨਾਲ ਮੈਂ ਸਹਿਮਤ ਹਾਂ, ਪਰ ਖੁਦ ਨੂੰ ਮੈਂ ਰਾਜਾ ਨਹੀਂ ਸਮਝਦਾ, ਲੋਕ ਮੈਨੂੰ ਫੁੱਲਾਂ ਦਾ ਰਾਜਾ ਕਹਿੰਦੇ ਹਨ। ਕਾਰਨ ਬੱਸ ਇੰਨਾ ਹੈ ਕਿ ਮਾਂ ਲਛਮੀ ਨੇ ਅਸ਼ੀਰਵਾਦ ਸਰੂਪ ਜੋ ਹੱਥ ਚੁੱਕਿਆ ਹੋਇਆ ਹੈ, ਉਹ ਮੇਰੇ ਵੱਲ ਹੈ ਅਤੇ ਹਮੇਸ਼ਾ ਰਹੇਗਾ। ਤੂੰ ਜਿਸ ਸਥਾਨ ਉੱਤੇ ਏਂ, ਉਥੇ ਅਸ਼ੀਰਵਾਦ ਦੀ ਦੂਰ-ਦੂਰ ਤੱਕ ਕੋਈ ਗੁੰਜਾਇਸ਼ ਨਹੀਂ ਹੈ, ਦੋਸਤ ! ਵਜੂਦ ਉਨ੍ਹਾਂ ਦਾ ਹੀ ਹੁੰਦਾ ਹੈ, ਜੋ ਝੁਕ ਕੇ ਚਲਦੇ ਹਨ।''

ਗੈਂਦੇ ਨੇ ਮਹਿਸੂਸ ਕੀਤਾ ਕਿ ਗੁਲਾਬ ਅਸਲ ਵਿੱਚ ਸੱਚ ਬੋਲ ਰਿਹਾ ਹੈ।

-ਮੀਰਾ ਜੈਨ

## ਦੌੜ

''ਮੈਂ ਤੈਨੂੰ ਕਿੰਨੀ ਵਾਰ ਕਿਹੈ ਕਿ ਛੇਤੀ ਉਠਿਆ ਕਰ। ਸਕੂਲ ਸਮੇਂ ਸਿਰ ਜਾਣਾ ਚਾਹੀਦਾ ਹੈ।'' ਮੈਂ ਲਗਭਗ ਚੀਕ ਕੇ ਕਿਹਾ ਤੇ ਆਪਣੀ ਛੇ ਸਾਲਾ ਬੇਟੀ ਨੂੰ ਹਲੂਣ ਕੇ ਜਗਾਇਆ। ਨਾਲ ਹੀ ਉਸ ਨੂੰ ਤਿਆਰ ਕਰਦਿਆਂ ਸਮੇਂ ਦੀ ਪਾਬੰਦੀ ਤੇ ਬੋਲੀ ਜਾ ਰਹੀ ਸਾਂ। ਜਦੋਂ ਉਹਦੇ ਵੱਲੋਂ ਕੋਈ ਪ੍ਰਤੀਕਿਰਿਆ ਨਾ ਹੋਈ ਤਾਂ ਮੈਂ ਝਿੜਕਦਿਆਂ ਪੁੱਛਿਆ, ''ਤੈਨੂੰ ਸੁਣਦਾ ਵੀ ਹੈ, ਮੈਂ ਕੀ ਕਹਿ ਰਹੀ ਹਾਂ?''

ਉਹਨੇ ਬੜੀ ਮੁਸ਼ਕਲ ਨਾਲ ਮੇਰੇ ਵੱਲ ਵੇਖਦਿਆਂ ਕਿਹਾ, ''ਮੰਮਾ, ਤੁਸੀਂ ਤਾਂ ਕਹਿੰਦੇ ਸੀ ਕਿ ਬਚਪਨ ਦੇ ਦਿਨ ਬੜੇ ਸੁਹਾਵਣੇ ਹੁੰਦੇ ਨੇ ਤੇ ਤੁਸੀਂ ਆਪਣੇ ਬਚਪਨ ਵਿੱਚ ਕਿੰਨੀ ਮਸਤੀ, ਕਿੰਨੀਆਂ ਸ਼ਰਾਰਤਾਂ ਕਰਦੇ ਹੁੰਦੇ ਸੀ, ਪਰ, ਮੰਮਾ, ਮੈਨੂੰ ਤਾਂ ਲੱਗਦੈ ਕਿ ਬਚਪਨ ਸਕੂਲ ਅਤੇ ਕੋਚਿੰਗ ਦਰਮਿਆਨ ਦੌੜ ਨੂੰ ਹੀ ਕਹਿੰਦੇ ਨੇ।''

ਇੰਨਾ ਕਹਿ ਕੇ ਉਹਨੇ ਆਪਣਾ ਬੈਗ ਚੁੱਕਿਆ ਅਤੇ ਸਕੂਲ ਲਈ ਚੱਲ ਪਈ। ਮੈਂ ਉਹਦੇ ਇਸ ਮਾਸੂਮ ਸੁਆਲ ਬਾਰੇ ਸੋਚ ਰਹੀ ਸਾਂ ਕਿ ਉਹਨੂੰ ਬਚਪਨ ਜੀਅ ਲੈਣ ਦਿਆਂ ਜਾਂ ਫਿਰ ਉਹਦਾ ਭਵਿੱਖ ਸਵਾਰਾਂ।

*-ਅਦਿਤੀ ਸਿੰਘ ਭਦੌਰੀਆ*




# ਬਰੇਕ ਫ਼ੇਲ੍ਹ ਹੋਣ ਕਾਰਨ ਫ਼ੌਜੀ ਗੱਡੀ ਦਰਿਆ ਵਿੱਚ ਡਿੱਗੀ, 3 ਜ਼ਖਮੀ

ਪਠਾਨਕੋਟ, 14 ਦਸੰਬਰ (ਪੋਸਟ ਬਿਊਰੋ)- ਪਠਾਨਕੋਟ ਨਾਲ ਦੀ ਹਿਮਾਚਲ-ਪ੍ਰਦੇਸ਼ ਸਰਹੱਦ ਉੱਤੇ ਕੱਲ੍ਹ ਭਾਰਤੀ ਫ਼ੌਜ ਦੀ ਗੱਡੀ ਬਰੇਕ ਫ਼ੇਲ੍ਹ ਹੋਣ ਕਾਰਨ ਚੱਕੀ ਦਰਿਆ ਵਿੱਚ ਜਾ ਡਿੱਗੀ।

ਚਸ਼ਮਦੀਦਾਂ ਦਾ ਕਹਿਣਾ ਹੈ ਕਿ ਇਹ ਹਾਦਸਾ ਗੱਡੀ ਦੀ ਬਰੇਕ ਫ਼ੇਲ੍ਹ ਹੋਣ ਕਾਰਨ ਵਾਪਰਿਆ। ਇਸ ਸਬੰਧੀ ਥਾਣਾ ਡਮਟਾਲ ਤੋਂ ਪਤਾ ਲੱਗਾ ਹੈ ਕਿ ਫ਼ੌਜ ਦੀ ਗੱਡੀ ਮੀਰਥਲ ਕੈਂਟ ਤੋਂ ਪਠਾਨਕੋਟ ਜਾ ਰਹੀ ਸੀ। ਜਦੋਂਇਹ ਚੱਕੀ ਪੁਲ ਨੇੜੇ ਪਹੁੰਚੀ ਤਾਂ ਚਾਲਕ ਦੇ ਕੰਟਰੋਲ ਤੋਂ ਬਾਹਰ ਹੋ ਕੇ ਹੇਠਾਂ ਚੱਕੀ ਦਰਿਆ ਵਿੱਚ ਜਾ ਡਿੱਗੀ।



ਇਸ ਨਾਲ ਤਿੰਨ ਜਵਾਨ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਮਿਲਟਰੀ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਫ਼ੌਜ ਤੇ ਪੁਲਸ ਨੇ ਘਟਨਾ ਵਾਲੀ ਥਾਂ ਉੱਤੇ ਆਮ ਲੋਕਾਂ ਦੇ ਆਉਣ-ਜਾਣ ਉੱਤੇ ਪਾਬੰਦੀ ਲਾ ਦਿੱਤੀ ਹੈ।

# ਡੀ ਜੀ ਪੀ ਅਸਥਾਨਾ ਦੀ ਲਿਖੀ ਨੋਟਿੰਗ ਨਾਲ ਪੰਜਾਬ ਸਰਕਾਰ ਮੁਸ਼ਕਲ ਵਿੱਚ ਫਸੀ

*** ਵੱਡੇ ਪੁਲਸ ਅਫਸਰ ਕਾਰਵਾਈ ਕਰਨ ਤੋਂ ਪਾਸਾ ਵੱਟਣ ਲੱਗੇ**

ਚੰਡੀਗੜ੍ਹ, 14 ਦਸੰਬਰ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਨੇੜੇ ਪੱਜ ਕੇ ਨਸ਼ੀਲੇ ਪਦਾਰਥਾਂ ਵਾਲੇ ਮੁੱਦੇ ਪੰਜਾਬ ਪੁਲਸ ਦੀ ਦੇ ਮੌਜੂਦਾ ਪੜਾਅ ਨਾਲ ਪੰਜਾਬ ਸਰਕਾਰ ਦੀ ਦੁਚਿਤੀ ਵਧਦੀ ਜਾ ਰਹੀ ਹੈ।

ਇਸ ਕੇਸ ਬਾਰੇ ਸਰਕਾਰੀ ਵਿਚਾਰਾਂ ਦੌਰਾਨ ਕੱਲ੍ਹ ਹੋਈਆਂ ਵੱਡੀਆਂ ਘਟਨਾਵਾਂ ਵਿੱਚੋਂ ਇੱਕ ਇਹੋ ਹੈ ਕਿ ਸ਼ਨੀਵਾਰ ਤੋਂ ਮੈਡੀਕਲ ਛੁੱਟੀ ਉੱਤੇ ਚੱਲ ਰਹੇ ਸੀਨੀਅਰ ਪੁਲਸ ਅਧਿਕਾਰੀ ਤੇ ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ (ਬੀ ਓ ਆਈ) ਐਸ ਕੇ ਅਸਥਾਨਾ ਦੀ ਸਿਹਤ ਦੀਖਰਾਬੀ ਕਾਰਨ ਉਹ ਇੱਕ ਨਿੱਜੀ ਹਸਪਤਾਲ ਜਾ ਦਾਖਲ ਹੋਏ। ਇਸ ਦੌਰਾਨ ਨਸ਼ਿਆਂ ਦੇ ਮਾਮਲੇ ਉੱਤੇ ਕਾਰਵਾਈ ਕਰਨ ਲਈ ਆਈ ਜੀ ਰੈਂਕ ਦੇ ਇੱਕ ਪੁਲਸ ਅਧਿਕਾਰੀ ਨੂੰ ਅੱਗੇ ਲਾਉਣ ਦੇ ਚਰਚੇ ਚੱਲ ਰਹੇ ਸਨ, ਪਰ ਅਮਰੀਕਾ ਦੇ ਇੱਕ ਵਾਟਸਐਪ ਨੰਬਰ ਤੋਂ ਮੀਡੀਆ ਕੋਲ ਚਾਰ ਸਫਿਆਂ ਦਾ ਅੰਗਰੇਜ਼ੀ ਵਿੱਚ ਲਿਖਿਆ ਨੋਟ ਪੁੱਜ ਗਿਆ, ਜਿਸ ਉੱਤੇ ਡਾਇਰੈਕਟਰ (ਬੀ ਓ ਆਈ) ਐਸ ਕੇ ਅਸਥਾਨਾ ਦੇ ਦਸਤਖਤ ਦੱਸੇ ਜਾਂਦੇ ਹਨ ਅਤੇ ਉਸ ਉੱਤੇ 11 ਦਸੰਬਰ ਦੀ ਤਰੀਕ ਹੈ। ਇਹ ਨੋਟ ਪੰਜਾਬ ਪੁਲਸ ਦੇ ਡੀ ਜੀ ਪੀ ਵੱਲ ਲਿਖਿਆ ਗਿਆ ਅਤੇ ਇਸ ਵਿੱਚ ਕਿਹਾ ਗਿਆ ਹੈ ਕਿ ਸਾਰੇ ਕੇਸ ਦੀ ਸਮੀਖਿਆ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਇਸ ਉੱਤੇਹੋਰ ਕਾਰਵਾਈ ਲਈ ਅਦਾਲਤ ਦੀ ਇਜਾਜ਼ਤ ਲੈਣੀ ਜ਼ਰੂਰੀ ਹੈ। ਜਾਣਕਾਰ ਸੂਤਰਾਂ ਮੁਤਾਬਕ ਇਸ ਨੋਟ ਤੋਂ ਬਾਅਦ ਸਰਕਾਰ ਲਈ ਮੁਸ਼ਕਲ ਬਣ ਗਈ ਹੈ।

**ਬਹੁ-ਚਰਚਿਤ ਡਰੱਗ ਕੇਸ**

ਪਤਾ ਲੱਗਾ ਹੈ ਕਿ ਇਸ ਬਾਰੇ ਪੰਜਾਬ ਸਰਕਾਰ ਦੀ ਇੱਕ ਉਚ ਪੱਧਰੀ ਮੀਟਿੰਗ ਵੀ ਹੋਈ ਹੈ, ਜਿਸ ਵਿੱਚ ਨਸ਼ਿਆਂ ਦੇ ਕੇਸ ਵਿੱਚ ਕਾਰਵਾਈ ਉਤੇ ਵਿਚਾਰ ਹੋਈ ਹੈ। ਉਚ ਪੱਧਰੀ ਸੂਤਰਾਂ ਅਨੁਸਾਰ ਪੰਜਾਬ ਪੁਲਸ ਦੇ ਅਫਸਰ ਇਸ ਮਾਮਲੇ ਨੂੰ ਹੱਥ ਪਾਉਣ ਤੋਂ ਕੰਨੀ ਕਤਰਾ ਰਹੇ ਹਨ। ਏਸੇ ਕਾਰਨ ਅਸਥਾਨਾ ਨੇ ਸ਼ੁੱਕਰਵਾਰ ਸ਼ਾਮ ਦੋ ਦਿਨ ਦੀ ਮੈਡੀਕਲ ਛੁੱਟੀ ਭੇਜ ਕੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਪ੍ਰਧਾਨਗੀ ਹੇਠ ਸ਼ਨੀਵਾਰ ਹੋਣ ਵਾਲੀ ਬੈਠਕ ਵਿੱਚਜਾਣ ਤੋਂ ਨਾਂਹ ਕਰ ਦਿੱਤੀ ਹੈ। ਇਸ ਪੁਲਸ ਅਧਿਕਾਰੀ ਦੀ ਸਿਹਤ ਬਾਰੇ ਇੰਟੈਲੀਜੈਂਸ ਵਿੰਗ ਦੇ ਅਫਸਰਾਂ ਨੂੰ ਪੱਕੀ ਜਾਣਕਾਰੀ ਲੈਣ ਲਈ ਵੀ ਕਿਹਾ ਗਿਆ ਅਤੇ ਹਸਪਤਾਲ ਦੇ ਡਾਕਟਰਾਂ ਨੇ ਅਸਥਾਨਾ ਦੇ ਸਾਹ ਦੀ ਤਕਲੀਫ ਦੀ ਪੁਸ਼ਟੀ ਕੀਤੀ ਹੈ। ਪੁਲਸ ਅਧਿਕਾਰੀਆਂ ਨੇ ਕਿਹਾ ਕਿ ਜਿੰਦਾਂ ਡਾਕਟਰਾਂ ਨੇ ਅਸਥਾਨਾ ਦੀ ਸਿਹਤ ਬਾਰੇ ਪ੍ਰਗਟਾਵਾ ਕੀਤਾ ਹੈ, ਉਸ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਉਸ ਦੇ ਠੀਕ ਹੋਣ ਵਿੱਚ ਕੁਝ ਦਿਨ ਲੱਗ ਸਕਦੇ ਹਨ। ਵਰਨਣ ਯੋਗ ਹੈ ਕਿ ਨਸ਼ਿਆਂ ਕੇਸ ਵਿੱਚ ਕਈ ਪ੍ਰਮੁੱਖ ਸਿਆਸੀ ਆਗੂਆਂ ਦੇ ਨਾਂਅ ਉਭਰਦੇ ਰਹੇ ਹਨ। ਸੀਨੀਅਰ ਪੁਲਸ ਅਫਸਰ ਅਸਥਾਨਾ ਦੇ ਨੋਟ ਅਤੇ ਇੱਕ ਸੀਨੀਅਰ ਪੁਲਸ ਅਫਸਰ ਅਨੁਸਾਰ ਸਰਕਾਰ ਜਿਨ੍ਹਾਂ ਕੇਸਾਂ ਦੀ ਪੜਤਾਲ ਫਿਰ ਖੋਲ੍ਹਣ ਨੂੰ ਕਿਹਾ ਗਿਆ ਹੈ, ਉਹ ਮਾਮਲੇ ਅਦਾਲਤ ਦੀ ਇਜਾਜ਼ਤ ਤੋਂ ਬਿਨਾਂ ਛੇੜੇ ਨਹੀਂ ਜਾ ਸਕਦੇ। ਇਸ ਕਾਰਨ ਪੁਲਸ ਅਧਿਕਾਰੀ ਇਸ ਕੇਸ ਨੂੰ ਹੱਥ ਪਾਉਣ ਤੋਂ ਝਿਜਕਦੇ ਹਨ।

ਪੰਜਾਬ ਪੁਲਸ ਵਿੱਚ ਡਾਇਰੈਕਟਰ ਬੀ ਓ ਆਈ ਦਾ ਅਹੁਦਾ ਅਹਿਮ ਮੰਨਿਆ ਜਾਂਦਾ ਹੈ ਕਿਉਂਕਿ ਮਹੱਤਵਪੂਰਨ ਅਪਰਾਧਕ ਕੇਸਾਂ ਦੀ ਜਾਂਚ ਬੀ ਓ ਆਈ ਦੇ ਅਧਿਕਾਰੀਆਂ ਨੇ ਕਰਨੀ ਹੁੰਦੀ ਹੈ। ਸੀਨੀਅਰ ਅਫਸਰਾਂ ਮੁਤਾਬਕ ਸਰਕਾਰ ਵੱਲੋਂ ਡਾਇਰੈਕਟਰ ਬੀ ਓ ਆਈ ਦੀ ਆਸਾਮੀ ਉੱਤੇ ਕਿਸੇ ਹੋਰ ਪੁਲਸ ਅਧਿਕਾਰੀ ਦੀ ਤੈਨਾਤੀ ਬਾਰੇ ਵਿਚਾਰ ਚੱਲ ਰਿਹਾ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਪ੍ਰਧਾਨਗੀ ਹੇਠ ਹੋਣ ਵਾਲੀਆਂ ਮੀਟਿੰਗਾਂ ਵਿੱਚ ਗ੍ਰਹਿ ਮੰਤਰੀ, ਸੁਖਜਿੰਦਰ ਸਿੰਘ ਰੰਧਾਵਾ, ਡੀ ਜੀ ਪੀ ਇਕਬਾਲ ਪ੍ਰੀਤ ਸਿੰਘ ਸਹੋਤਾ, ਐਸ ਟੀ ਐਫ ਮੁਖੀ ਹਰਪ੍ਰੀਤ ਸਿੰਘ ਸਿੱਧੂ, ਐਸ ਕੇ ਅਸਥਾਨਾ, ਜ਼ੀਰਾ ਤੋਂ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਆਦਿ ਵੀ ਸ਼ਾਮਲ ਹੁੰਦੇ ਰਹਿੰਦੇ ਹਨ।

# ਬਰਿੰਦਰਮੀਤ ਪਾਹੜਾ ਨੇ ਮਿਲਕਫੈਡ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ

ਚੰਡੀਗੜ, 14 ਦਸੰਬਰ (ਗਿਆਨ ਸਿੰਘ) ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਨੇ ਅੱਜ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਕੈਬਨਿਟ ਮੰਤਰੀਆਂ, ਵਿਧਾਇਕਾਂ ਦੀ ਹਾਜਰੀ ਵਿੱਚ ਮਿਲਕਫੈਡ ਦੇ ਚੇਅਰਮੈਨ ਦਾ ਅਹੁਦਾ ਸੰਭਾਲ ਲਿਆ।

ਉਪ ਮੁੱਖ ਮੰਤਰੀ ਸ. ਰੰਧਾਵਾ ਜਿਨਾਂ ਕੋਲ ਸਹਿਕਾਰਤਾ ਵਿਭਾਗ ਵੀ ਹੈ, ਨੇ ਕਿਹਾ ਕਿ ਮਿਲਕਫੈਡ ਸਿੱਧੇ ਤੌਰ ਉੱਤੇ ਆਮ ਲੋਕਾਂ ਖਾਸ ਕਰਕੇ ਦੁੱਧ ਉਤਪਾਦਕ ਕਿਸਾਨਾਂ ਨਾਲ ਜੁੜਿਆ ਹੋਇਆ ਹੈ ਅਤੇ ਸ਼੍ਰੀ ਪਾਹੜਾ ਜਮੀਨ ਨਾਲ ਜੁੜੇ ਨੇਤਾ ਹਨ ਜਿਨਾਂ ਦੀ ਅਗਵਾਈ ਵਿੱਚ ਮਿਲਕਫੈਡ ਆਪਣੇ ਟੀਚੇ ਪੂਰੇ ਕਰਨ ਵਿੱਚ ਸਫਲ ਰਹੇਗਾ।ਉਨਾਂ ਕਿਹਾ ਕਿ ਨੌਜਵਾਨ ਆਗੂ ਸ਼੍ਰੀ ਪਾਹੜਾ ਮਿਲਕਫੈਡ ਨੂੰ ਹੋਰ ਵੀ ਬੁਲੰਦੀਆਂ ਉੱਤੇ ਲੈ ਕੇ ਜਾਣਗੇ।



ਨਵ-ਨਿਯੁਕਤ ਚੇਅਰਮੈਨ ਸ਼੍ਰੀ ਪਾਹੜਾ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਕਾਂਗਰਸ ਹਾਈ ਕਮਾਨ ਦਾ ਧੰਨਵਾਦ ਕਰਦਿਆਂ ਆਪਣੀ ਜੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਵਿਸਵਾਸ ਦਿਵਾਇਆ।

ਇਸ ਮੌਕੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਅਰੁਣਾ ਚੌਧਰੀ, ਸੁਖਬਿੰਦਰ ਸਿੰਘ ਸਰਕਾਰੀਆ, ਭਾਰਤ ਭੂਸਣ ਆਸ਼ੂ, ਰਣਦੀਪ ਸਿੰਘ ਨਾਭਾ ਤੇ ਗੁਰਕੀਰਤ ਸਿੰਘ ਕੋਟਲੀ, ਪ੍ਰਦੇਸ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ, ਮਾਰਕਫੈਡ ਦੇ ਚੇਅਰਮੈਨ ਕੁਸਲਦੀਪ ਸਿੰਘ ਕਿੱਕੀ ਢਿੱਲੋਂ, ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ, ਕੁਲਬੀਰ ਸਿੰਘ ਜੀਰਾ, ਹਰਪ੍ਰਤਾਪ ਸਿੰਘ ਅਜਨਾਲਾ, ਪ੍ਰੀਤਮ ਸਿੰਘ ਕੋਟਭਾਈ ਤੇ ਦਵਿੰਦਰ ਸਿੰਘ ਘੁਬਾਇਆ, ਚੇਅਰਮੈਨ ਜੋਗਿੰਦਰ ਸਿੰਘ ਮਾਨ, ਚੇਅਰਮੈਨ ਹਰਪ੍ਰੀਤ ਸਿੰਘ ਸੰਧੂ, ਅਸੋਕ ਚੌਧਰੀ, ਵਧੀਕ ਮੁੱਖ ਸਕੱਤਰ ਸਹਿਕਾਰਤਾ ਅਨੁਰਾਗ ਅੱਗਰਵਾਲ, ਉਪ ਮੁੱਖ ਮੰਤਰੀ ਦੇ ਵਿਸੇਸ ਪ੍ਰਮੁੱਖ ਸਕੱਤਰ ਵਰੁਣ ਰੂਜਮ, ਮਿਲਕਫੈਡ ਦੇ ਐਮ.ਡੀ. ਕਮਲਦੀਪ ਸਿੰਘ ਸੰਘਾ, ਸ਼੍ਰੀ ਪਾਹੜਾ ਦੇ ਪਰਿਵਾਰਕ ਮੈਂਬਰ, ਮਿਲਕਫੈਡ ਦੇ ਬੋਰਡ ਆਫ ਡਾਇਰੈਕਟਰਜ ਦੇ ਮੈਂਬਰ ਬਲਜੀਤ ਸਿੰਘ ਪਾਹੜਾ, ਹਰਮਿੰਦਰ ਸਿੰਘ, ਅਮਨਦੀਪ ਸਿੰਘ, ਤਜਿੰਦਰ ਸਿੰਘ, ਰਣਜੀਤ ਸਿੰਘ ਤੇ ਗੁਰਭੇਜ ਟਿੱਬੀ ਵੀ ਹਾਜਰ ਸਨ।

# ਭਾਜਪਾ ਦੇ ਮਿਸ਼ਨ-2022 ਲਈ ਕੇਂਦਰ ਸਰਕਾਰ ਵੱਲੋਂ ਕਿਸਾਨੀ ਕਰਜ਼ੇ ਦੀ ਮੁਆਫ਼ੀ ਦੀ ਸੰਭਾਵਨਾ

ਚੰਡੀਗੜ੍ਹ, 14 ਦਸੰਬਰ (ਪੋਸਟ ਬਿਊਰੋ)- ਭਾਰਤ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਕਿਸਾਨਾਂ ਨੂੰ ਇੱਕ ਸਾਲ ਦਿੱਲੀ ਦੀਆਂ ਹੱਦਾਂ ਉੱਤੇ ਰੋਲਣ ਪਿੱਛੋਂ ਤਿੰਨੇ ਖੇਤੀ ਕਾਨੂੰਨ ਰੱਦ ਕਰਨ ਤੇ ਹੋਰ ਮੰਗਾਂ ਮੰਨਣ ਮਗਰੋਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੇ ਮਿਸ਼ਨ-2022 ਦੀ ਯੋਜਨਾਬੰਦੀ ਲਈ ਫਰਵਰੀ ਵਿੱਚ ਹੋਣ ਵਾਲੀਆਂ ਚੋਣਾਂ 'ਚ ਕੁਝ ਦੇਰੀ ਕਰ ਸਕਦੀ ਹੈ। ਇਹ ਚੋਣਾਂ ਫ਼ਰਵਰੀ ਦੀ ਥਾਂ ਮਾਰਚ ਮਹੀਨੇ ਵਿੱਚ ਹੋ ਸਕਦੀਆਂ ਹਨ। ਇਸ ਨਾਲ ਕੇਂਦਰ ਸਰਕਾਰ ਨੂੰ ਪੰਜਾਬ ਲਈ ਕੁਝ ਹੋਰ ਵੱਡੇ ਫ਼ੈਸਲੇ ਲੈ ਕੇ ਐਲਾਨ ਕਰਨ ਦਾ ਸਮਾਂ ਮਿਲ ਜਾਵੇਗਾ।

ਜਾਣਕਾਰ ਸੂਤਰਾਂ ਮੁਤਾਬਕ ਅਗਲੇ ਦਿਨਾਂ ਵਿੱਚ ਕਿਸਾਨਾਂ ਦੀ ਕਰਜ਼ਾ ਮਾਫ਼ੀ ਤੇ ਪੰਜਾਬ ਨੂੰ ਵਿਸ਼ੇਸ਼ ਸਨਅਤੀ ਪੈਕੇਜ ਦੇਣ ਦੇ ਐਲਾਨ ਹੋ ਸਕਦੇ ਹਨ। ਇਹ ਦੋ ਐਲਾਨ ਹੋਣ ਦਾ ਪੰਜਾਬ ਨੂੰ ਵੱਡਾ ਲਾਭ ਹੋਵੇਗਾ। ਇਸ ਸਮੇਂ ਪੰਜਾਬ ਦੇ ਕਿਸਾਨਾਂ ਸਿਰ ਚੜ੍ਹਿਆ ਇੱਕ ਲੱਖ ਕਰੋੜ ਤੋਂ ਵੱਧ ਦਾ ਕਰਜ਼ਾ ਕਿਸਾਨ ਜਥੇਬੰਦੀਆਂ ਲਈ ਦਿੱਲੀ ਮੋਰਚਾ ਜਿੱਤਣ ਪਿੱਛੋਂ ਵੱਡਾ ਮੁੱਦਾ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੂਜਾ ਵੱਡਾ ਮੁੱਦਾ ਹੈ। ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਨੇ 17 ਦਸੰਬਰ ਨੂੰ ਮੁੱਖ ਮੰਤਰੀ ਵੱਲੋਂ ਸੱਦੀ ਮੀਟਿੰਗ ਵਿੱਚ ਮੁਕੰਮਲ ਕਰਜ਼ਾ ਮਾਫ਼ੀ ਦਾ ਮੁੱਦਾ ਜ਼ੋਰ ਨਾਲਚੁੱਕਣ ਦਾ ਫ਼ੈਸਲਾ ਕੀਤਾ ਹੈ। ਪੰਜਾਬ ਦੀ ਚਰਨਜੀਤ ਸਿੰਘ ਚੰਨੀ ਸਰਕਾਰ ਇਸ ਦਾਕੋਈ ਫ਼ੈਸਲਾ ਨਾ ਲਵੇ ਤਾਂ ਚੋਣ ਮੁਹਿੰਮ ਵਿੱਚ ਇਹ ਵੱਡਾ ਮੁੱਦਾ ਬਣੇਗਾ, ਜਿਸ ਕਰ ਕੇ ਕੇਂਦਰ ਸਰਕਾਰ ਦੀ ਇਸ ਉੱਤੇ ਨਜ਼ਰ ਹੈ ਅਤੇ ਉਹ ਮਿਸ਼ਨ-2022 ਦੀ ਸਫ਼ਲਤਾ ਦਾ ਮੌਕਾ ਨਹੀਂ ਗੁਆਏਗੀ।


ਭਾਰਤ ਸਰਕਾਰ ਪੰਜਾਬ ਲਈ ਵੱਡਾ ਸਨਅਤੀ ਪੈਕੇਜ ਦੇ ਕੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪੈਦਾ ਕਰ ਕੇ ਇਸ ਦਾ ਵੀ ਲਾਹਾ ਲੈ ਸਕਦੀ ਹੈ। ਪੰਜਾਬ ਭਾਜਪਾ ਦੇ ਆਗੂ ਵੀ ਕਾਨੂੰਨ ਰੱਦ ਹੋਣ ਪਿੱਛੋਂ ਪੂਰੇ ਸਰਗਰਮ ਹੋ ਚੁੱਕੇ ਹਨ ਅਤੇ ਉਹ ਆਪਣੇ ਮਿਸ਼ਨ ਦੀ ਸਫ਼ਲਤਾ ਲਈ ਕੋਈ ਵੀ ਪੱਤਾ ਖੇਡਣ ਲਈ ਤਿਆਰ ਹਨ।

# ਕਾਰਾਂ ਦੀ ਟੱਕਰ ਵਿੱਚ ਪਤੀ-ਪਤਨੀ ਦੀ ਮੌਤ, ਦੋ ਜ਼ਖ਼ਮੀ

ਭੋਗਪੁਰ, 14 ਦਸੰਬਰ (ਪੋਸਟ ਬਿਊਰੋ)- ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇ ਉੱਤੇ ਭੋਗਪੁਰ ਨੇੜੇ ਪਿੰਡ ਡੱਲੀ ਵਿਖੇ ਦੋ ਕਾਰਾਂ ਦੀ ਸਿੱਧੀ ਟੱਕਰ ਵਿੱਚ ਪਤੀ-ਪਤਨੀ ਦੀ ਮੌਤ ਅਤੇ ਦੋ ਨੌਜਵਾਨਾਂ ਦੇ ਜ਼ਖ਼ਮੀ ਹੋਣ ਦਾ ਸਮਾਚਾਰ ਹੈ।




ਮਿਲੀ ਜਾਣਕਾਰੀ ਅਨੁਸਾਰ ਸਵਿਫ਼ਟ ਕਾਰ ਦੇ ਸਵਾਰ ਪਤੀ-ਪਤਨੀ ਪੰਜਾਬ ਪੁਲਸ ਦੇ ਸਿਪਾਹੀ ਜਸਵਿੰਦਰ ਸਿੰਘ (47) ਪੁੱਤਰ ਅੰਮ੍ਰਿਤ ਲਾਲ ਤੇ ਉਸ ਦੀ ਪਤਨੀ ਅਧਿਆਪਕਾ ਜਸਬੀਰ ਕੌਰ (48) ਵਾਸੀ ਟਾਂਡਾ ਉੜਮੁੜ, ਹੁਸ਼ਿਆਰਪੁਰ ਦੀ ਮੌਕੇ ਉੱਤੇਮੌਤ ਹੋ ਗਈ ਅਤੇ ਕਾਰ ਸਵਾਰ ਦੋ ਨੌਜਵਾਨ ਹਕੂਮਤ ਸਿੰਘ ਤੇ ਅਨੰਤਦੀਪ ਸਿੰਘ ਪਿੰਡ ਸੱਤੋਵਾਲੀ ਨੇੜੇ ਭੋਗਪੁਰ ਜ਼ਖ਼ਮੀ ਹਾਲਤ ਵਿੱਚ ਪ੍ਰਾਈਵੇਟ ਹਸਪਤਾਲ ਵਿੱਚ ਜੇਰੇ ਇਲਾਜ ਹਨ। ਜਸਵਿੰਦਰ ਸਿੰਘ ਆਪਣੀ ਪਤਨੀ ਜਸਵੀਰ ਕੌਰ ਨਾਲ ਦਵਾਈ ਲੈਣ ਲਈ ਆਪਣੇ ਪਿੰਡ ਟਾਂਡਾ ਉੜਮੁੜ ਤੋਂ ਜਲੰਧਰ ਪ੍ਰਾਈਵੇਟ ਹਸਪਤਾਲ ਜਾ ਰਹੇ ਹਨ ਅਤੇ ਪੋਲੋ ਕਾਰ ਜਲੰਧਰ ਤੋਂ ਭੋਗਪੁਰ ਵੱਲ ਆ ਰਹੀ ਸੀ ਕਿ ਅਚਾਨਕ ਇੰਜਨ ਖੁੱਲ੍ਹਣ ਕਰਕੇ ਡੱਲੀ (ਭੋਗਪੁਰ) ਵਿਖੇ ਡਿਵਾਈਡਰ ਟੱਪ ਕੇ ਟਾਂਡਾ ਸਾਈਡ ਤੋਂ ਆਈ ਸਵਿਫ਼ਟ ਕਾਰ ਨਾਲ ਜਾ ਟਕਰਾਈ। ਪੋਲੋ ਗੱਡੀ ਪਲਟੀਆਂ ਖਾਂਦੀ ਸੜਕ ਕਿਨਾਰੇ ਪੁੱਠੀ ਹੋ ਕੇ ਡਿੱਗੀ। ਮ੍ਰਿਤਕ ਪਤੀ ਪਤਨੀ ਤੇ ਜ਼ਖਮੀ ਨੌਜਵਾਨਾਂ ਨੂੰ ਗੱਡੀ ਵਿੱਚੋਂ ਕੱਢਣ ਲਈ ਸਥਾਨਕ ਲੋਕਾਂ ਨੂੰ ਭਾਰੀ ਮਸ਼ੱਕਤ ਦਾ ਸਾਹਮਣਾ ਕਰਨਾ ਪਿਆ। ਮ੍ਰਿਤਕ ਪਤੀ-ਪਤਨੀ ਆਪਣੇ ਪਿੱਛੇ ਵਿਦੇਸ਼ ਰਹਿੰਦਾ ਬੇਟਾ ਅਤੇ ਬੇਟੀ ਨੂੰ ਛੱਡ ਗਏ ਹਨ। ਥਾਣਾ ਭੋਗਪੁਰ ਵੱਲੋਂ ਅਪੋਲੋ ਕਾਰ ਚਾਲਕ ਨੌਜਵਾਨ ਉੱਤੇ ਮਾਮਲਾ ਦਰਜ ਕਰ ਕੇ ਅਗਰੇਲੀ ਕਾਰਵਾਈ ਆਰੰਭ ਦਿੱਤੀ ਗਈ ਹੈ।




# ਪਰਗਟ ਸਿੰਘ ਵੱਲੋਂ ਪਰਵਾਸੀ ਭਾਰਤੀ ਮਾਮਲਿਆਂ ਵਿਭਾਗ ਬਾਰੇ ਭਵਿੱਖੀ ਦਸਤਾਵੇਜ਼ ਜਾਰੀ

ਚੰਡੀਗੜ, 14 ਦਸੰਬਰ (ਗਿਆਨ ਸਿੰਘ) ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨੂੰ ਪੰਜਾਬ ਵਿੱਚ ਜਾਇਦਾਦ ਅਤੇ ਵਿੱਤੀ ਮਾਮਲਿਆਂ ਵਿੱਚ ਆਉਂਦੀਆਂ ਔਕੜਾਂ ਸਮੇਤ ਹੋਰ ਦਰਪੇਸ ਸਮੱਸਿਆਵਾਂ ਦੇ ਹੱਲ ਅਤੇ ਪਰਵਾਸੀ ਪੰਜਾਬੀਆਂ ਦੀ ਨਵੀਂ ਪੀੜੀ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਜੋੜਨ ਲਈ ਪੰਜਾਬ ਸਰਕਾਰ ਵੱਲੋਂ ਭਵਿੱਖੀ ਦਸਤਾਵੇਜ਼ ਤਿਆਰ ਕੀਤਾ ਗਿਆ। ਇਹ ਖੁਲਾਸਾ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਪਰਗਟ ਸਿੰਘ ਨੇ ਅੱਜ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਇਸ ਮੌਕੇ ਐਨ.ਆਰ.ਆਈ. ਕਮਿਸ਼ਨ ਦੇ ਮੈਂਬਰ ਦਲਜੀਤ ਸਿੰਘ ਸਹੋਤਾ, ਪਰਵਾਸੀ ਭਾਰਤੀ ਮਾਮਲਿਆਂ ਬਾਰੇ ਵਿਭਾਗ ਦੇ ਸਲਾਹਕਾਰ ਸੀ.ਏ. ਅਸ਼ਵਨੀ ਕੁਮਾਰ ਤੇ ਗੁਰਪਾਲ ਸਿੰਘ ਹਾਜ਼ਰ ਸਨ।

ਪਰਗਟ ਸਿੰਘ ਨੇ ਕਿਹਾ ਕਿ ਪਰਵਾਸੀ ਪੰਜਾਬੀਆਂ ਦੀ ਸੁਰੱਖਿਆ ਖਾਸ ਕਰਕੇ ਜਾਇਦਾਦਾਂ ਆਦਿ ਨੂੰ ਸੁਰੱਖਿਅਤ ਯਕੀਨੀ ਬਣਾਉਣਾ ਅਤੇ ਸੂਬਾ ਸਰਕਾਰ ਵੱਲੋਂ ਸਮਰਥਨ ਪ੍ਰਦਾਨ ਕਰਕੇ ਸੂਬੇ ਵਿੱਚ ਰਹਿੰਦੇ ਹੋਏ ਘਰ ਵਾਂਗ ਹੀ ਮਹਿਸੂਸ ਕਰਵਾਉਣਾ ਬਣਦਾ ਹੈ। ਇਸੇ ਲਈ ਵਿੱਤੀ ਅਤੇ ਵਪਾਰਕ ਗਤੀਵਿਧੀਆਂ ਨਾਲ ਵੱਖਰੇ ਵਿੰਗ ਦੀ ਸਥਾਪਨਾ ਕੀਤੀ ਜਾਵੇਗੀ ਜਿਸ ਵਿੱਚ ਪਰਵਾਸੀ ਪੰਜਾਬੀਆਂ ਦੇ ਸਾਰੇ ਵਪਾਰਕ ਅਤੇ ਵਿੱਤ ਸੰਬੰਧੀ ਮੁੱਦਿਆਂ ਨੂੰ ਸਿੰਗਲ ਵਿੰਡੋ ਰਾਹੀਂ ਹੱਲ ਕੀਤਾ ਜਾਵੇਗਾ। ਇਸੇ ਤਰਾਂ ਪਰਵਾਸੀਆਂ ਦੇ ਮਾਲ ਵਿਭਾਗ ਨਾਲ ਜਾਇਦਾਦਾਂ ਦੇ ਕੰਮ ਵਿੱਚ ਸਿੰਗਲ ਵਿੰਡੋ ਸਹੂਲਤ ਪ੍ਰਦਾਨ ਕਰਕੇ ਪੰਜਾਬ ਵਿੱਚ ਕਾਰੋਬਾਰ ਸਥਾਪਤ ਕਰਨ ਵਿੱਚ ਮੱਦਦ ਕੀਤੀ ਜਾਵੇਗੀ।



ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਨੇ ਕਿਹਾ ਕਿ ਉਹ ਮਹਿਸੂਸ ਕਰਦੇ ਹਨ ਕਿ ਪਰਵਾਸੀ ਪੰਜਾਬੀਆਂ ਲਈ ਢੁਕਵਾਂ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾਵੇ। ਇੱਕ ਪ੍ਰਭਾਵੀ ਸ਼ਿਕਾਇਤ ਨਿਵਾਰਣ ਅਤੇ ਫੀਡਬੈਕ ਵਿਧੀ ਸਥਾਪਤ ਕੀਤੀ ਜਾਵੇਗੀ। ਪਰਵਾਸੀ ਭਾਰਤੀਆਂ ਦੀਆਂ ਸਾਰੀਆਂ ਸ਼ਿਕਾਇਤਾਂ ਨੂੰ ਇੱਕੋ ਛੱਤ ਹੇਠ ਲਿਆਇਆ ਜਾਵੇਗਾ। ਪਰਵਾਸੀਆਂ ਨੂੰ ਸੂਬੇ ਵਿੱਚ ਵਾਪਰ ਰਹੀਆਂ ਘਟਨਾਵਾਂ ਤੋਂ ਜਾਣੂ ਕਰਵਾਉਣ ਲਈ ਵੈੱਬਸਾਈਟ ਅਤੇ ਐਪ ਰਾਹੀਂ ਪ੍ਰਭਾਵਸ਼ਾਲੀ ਸੰਚਾਰ ਚੈਨਲ ਸਥਾਪਤ ਕੀਤੇ ਜਾਣਗੇ। ਇਸ ਆਨ ਲਾਈਨ ਪੋਰਟਲ ਰਾਹੀਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਵਿਭਾਗ ਪੂਰੀ ਤਰਾਂ ਫਾਲੋ-ਅੱਪ ਕਰਦਾ ਹੈ।

ਪਰਗਟ ਸਿੰਘ ਨੇ ਕਿਹਾ ਕਿ ਪਰਵਾਸੀ ਪੰਜਾਬੀਆਂ ਵੱਲੋਂ ਪੰਜਾਬ ਦੇ ਇਤਿਹਾਸ, ਵਿਰਸੇ, ਪੰਜਾਬੀ ਭਾਸ਼ਾ ਆਦਿ ਬਾਰੇ ਆਪਣੇ ਬੱਚਿਆਂ ਨੂੰ ਗਰਮੀ ਦੀਆਂ ਛੁੱਟੀਆਂ ਦੌਰਾਨ ਜਾਣਕਾਰੀ ਦੇਣ ਲਈ ਥੋੜੇਂ ਸਮੇਂ ਦੇ ਕੋਰਸ ਕਰਵਾਉਣ ਦੀ ਮੰਗ ਨੂੰ ਪੂਰਾ ਕਰਦਿਆਂ ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਥੋੜੇਂ ਸਮੇਂ ਦੇ ਸਮਰ ਸਕੂਲ ਕੋਰਸ ਸ਼ੁਰੂ ਕੀਤੇ ਜਾਣਗੇ ਤਾਂ ਜੋ ਨਵੀਂ ਪੀੜੀ ਨੂੰ ਪੰਜਾਬ ਦੇ ਸੱਭਿਆਚਾਰਕ ਅਤੇ ਧਾਰਮਿਕ ਵਿਰਸੇ ਤੋਂ ਜਾਣੂ ਕਰਵਾਇਆ ਜਾ ਸਕੇ ਅਤੇ ਉਨਾਂ ਨੂੰ ਵਿਰਾਸਤ ਦੇ ਨੇੜੇ ਲਿਆਇਆ ਜਾ ਸਕੇ।ਇਸ ਤੋਂ ਇਲਾਵਾ ਸੂਬੇ ਨਾਲ ਜੋੜਨ ਅਤੇ ਸੈਰ ਸਪਾਟਾ ਨੂੰ ਹੁਲਾਰਾ ਦੇਣ ਲਈ 'ਹੋਮ ਸਟੇਅ' ਦੀ ਸਹੂਲਤ ਸੁਰੂ ਕੀਤੀ ਜਾਵੇਗੀ।ਨੌਜਵਾਨ ਪੀੜੀ ਨੂੰ ਸੈਰ-ਸਪਾਟੇ ਵਜੋਂ ਭਾਰਤ ਅਤੇ ਖਾਸ ਤੌਰ 'ਤੇ ਘੱਟੋ-ਘੱਟ ਪੰਜਾਬ ਦਾ ਦੌਰਾ ਕਰਨ ਲਈ ਸਹੂਲਤ ਪ੍ਰਦਾਨ ਕਰ ਕੇ ਉਨਾਂ ਨੂੰ ਪ੍ਰੇਰਿਤ ਕੀਤਾ ਜਾਵੇਗਾ।ਸਕੂਲ ਅਤੇ ਯੂਨੀਵਰਸਿਟੀ ਪੱਧਰ 'ਤੇ ਨੌਜਵਾਨਾਂ ਵਿਚਾਰੇ ਸੱਭਿਆਚਾਰਕ ਆਦਾਨ-ਪ੍ਰਦਾਨ ਪ੍ਰੋਗਰਾਮ ਵਿੱਢੇ ਜਾਣਗੇ। ਮੈਡੀਕਲ ਸੈਰ ਸਪਾਟਾ ਨੂੰ ਦੇਖਦਿਆਂ ਐਪ ਰਾਹੀਂ ਪਰਵਾਸੀਆਂ ਨੂੰ ਬਿਹਤਰ ਸਿਹਤ ਸੰਸਥਾਵਾਂ ਅਤੇ ਹਸਪਤਾਲਾਂ ਦੀ ਜਾਣਕਾਰੀ ਮੁਹੱਈਆ ਵੀ ਕਰਵਾਈ ਜਾਵੇਗੀ।

ਪਰਗਟ ਸਿੰਘ ਨੇ ਕਿਹਾ ਕਿ ਪੰਜਾਬ ਦੇ ਸਮਾਜਿਕ-ਆਰਥਿਕ ਢਾਂਚੇ ਦੇ ਵਿਕਾਸ ਵਿੱਚ ਪਰਵਾਸੀ ਪੰਜਾਬੀਆਂ ਦਾ ਬਹੁਤ ਯੋਗਦਾਨ ਹੈ। ਪੰਜਾਬੀਆਂ ਨੇ ਸਖਤ ਮਿਹਨਤ ਅਤੇ ਉੱਦਮੀ ਗੁਣਾਂ ਕਰਕੇ ਦੁਨੀਆਂ ਭਰ ਵਿੱਚ ਆਪਣਾ ਨਾਮਣਾ ਖੱਟਿਆ ਹੈ। ਮੌਜੂਦਾ ਸਮੇਂ ਪੰਜਾਬੀਆਂ ਦੀ ਕਰੀਬ ਤੀਜੀ ਪੀੜੀ ਵਿਸਵ ਭਰ ਵਿੱਚ ਰਹਿ ਰਹੀ ਹੈ। ਸਭ ਤੋਂ ਵੱਧ ਚਿੰਤਾ ਇਸ ਗੱਲ ਦੀ ਹੈ ਕਿ ਨੌਜਵਾਨ ਪੀੜੀ-ਦਰ-ਪੀੜੀ ਆਪਣੀ ਜੜਾਂ ਤੋਂ ਵੱਖ ਹੋ ਰਹੇ ਹਨ। ਜਿਆਦਾਤਰ ਪਰਵਾਸੀ ਭਾਰਤ ਵਿੱਚ ਆਪਣੀਆਂ ਜਾਇਦਾਦਾਂ ਸਿਰਫ ਇਸ ਕਾਰਨ ਵੇਚ ਰਹੇ ਹਨ ਕਿਉਂਕਿ ਉਨਾਂ ਦੀ ਅਗਲੀ ਪੀੜੀ ਪੰਜਾਬ ਵਿੱਚ ਨਹੀਂ ਆਉਣਾ ਚਾਹੁੰਦੀ ਅਤੇ ਉਹ ਆਪਣੇ ਮਾਪਿਆਂ ਦੀਆਂ ਜਾਇਦਾਦਾਂ ਵਿੱਚ ਵੀ ਕੋਈ ਦਿਲਚਸਪੀ ਨਹੀਂ ਰੱਖਦੇ। ਜਮੀਨਾਂ ਦੀ ਵਿਕਰੀ ਨਾ ਸਿਰਫ ਪੰਜਾਬੀਆਂ ਨੂੰ ਉਨਾਂ ਦੀ ਮਾਂ ਤੋਂ ਖੋਹ ਲਵੇਗੀ ਸਗੋਂ ਸੂਬੇ ਦੇ ਸਮਾਜਿਕ-ਆਰਥਿਕ ਢਾਂਚੇ 'ਤੇ ਵੀ ਮਾੜਾ ਅਸਰ ਪਾਵੇਗੀ। ਇਹ ਸਾਡੇ ਲਈ ਸੋਚਣ ਵਾਲੀ ਗੱਲ ਹੈ। ਇਨਾਂ ਕਾਰਨਾਂ ਦੀ ਪੜਚੋਲ ਅਤੇ ਇਸ ਦੇ ਹੱਲ ਲਈ ਉਨਾਂ ਸਬੰਧਤ ਧਿਰਾਂ ਨਾਲ ਵਿਚਾਰਾਂ ਕਰਕੇ ਇਹ ਭਵਿੱਖੀ ਰੂਪ-ਰੇਖਾ ਤਿਆਰ ਕੀਤੀ ਗਈ ਹੈ।

## ਔਰਤ ਨੇ ਚਾਰ ਬੱਚਿਆਂ ਸਮੇਤ ਜ਼ਹਿਰ ਖਾਧਾ, 3 ਦੀ ਮੌਤ, ਦੋ ਗੰਭੀਰ




ਫਤਹਿਆਬਾਦ, 14 ਦਸੰਬਰ (ਪੋਸਟ ਬਿਊਰੋ)- ਪਿੰਡ ਬਨਗਾਂਵ ਵਿੱਚ ਇੱਕ ਔਰਤ ਨੇ ਆਪਣੇ ਚਾਰ ਬੱਚਿਆਂ ਸਮੇਤ ਸਲਫਾਸ ਦੀਆਂ ਗੋਲੀਆਂ ਨਿਗਲ ਲਈਆਂ। ਇਸ ਨਾਲ ਔਰਤ ਤੇ ਉਸ ਦੀਆਂ ਦੋ ਬੇਟੀਆਂ ਦੀ ਮੌਤ ਹੋ ਗਈ। ਇੱਕ ਬੇਟੀ ਤੇ ਇੱਕ ਬੇਟੇ ਦੀ ਹਾਲਤ ਗੰਭੀਰ ਹੀ ਹੈ। ਉਨ੍ਹਾਂ ਨੂੰ ਹਿਸਾਰ ਭੇਜਿਆ ਸੀ, ਪਰ ਸਦਭਾਵਨਾ ਹਸਪਤਾਲਫਤਹਿਆਬਾਦ ਵਿੱਚ ਤਿੰਨ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਸੀ। ਘਟਨਾ ਦਾ ਕਾਰਨ ਮਾਨਸਿਕ ਪਰੇਸ਼ਾਨੀ ਦੱਸਿਆ ਗਿਆ ਹੈ।

ਭੱਟੂਕਲਾਂ ਦੇ ਐਸ ਐਚ ਓ ਨੇ ਦੱਸਿਆ ਕਿ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ। ਕਿਰਨ ਚਾਰ ਬੱਚਿਆਂ ਦੇ ਨਾਲ ਘਰ ਵਿੱਚਸੀ। ਉਸ ਦੀ ਸੱਸ ਖੇਤਾਂ ਵਿੱਚ ਗਈ ਸੀ। ਉਹ ਦੇਰ ਸ਼ਾਮ ਘਰ ਆਈ ਤਾਂ ਦੇਖਿਆ ਕਿ ਕਿਰਨ, ਉਸ ਦੀਆਂ ਬੇਟੀਆਂ ਨੀਸ਼ੂ, ਨੀਟੂ, ਅਯਾਨਾ ਅਤੇ ਬੇਟੇ ਕਸ਼ਿਸ਼ (2) ਦੇ ਮੂੰਹ ਵਿੱਚੋਂ ਝੱਗ ਨਿਕਲ ਰਹੀ ਸੀ। ਉਸ ਨੇ ਗੁਆਂਢੀਆਂ ਨੂੰ ਦੱਸਿਆ ਤਾਂ ਸਾਰਿਆਂ ਨੂੰ ਹਸਪਤਾਲ ਪਹੁੰਚ-ਾਇਆ। ਉਥੇ ਕਿਰਨ, ਨੀਸ਼ੂ ਤੇ ਨੀਟੂ ਦੀ ਮੌਤ ਹੋ ਗਈ। ਕਿਰਨ ਦੇ ਪਤੀ ਵਕੀਲ ਚੰਦ ਦੀ ਕਰੀਬ ਚਾਰ ਮਹੀਨੇ ਪਹਿਲਾਂ ਬਿਮਾਰੀ ਕਾਰਨ ਮੌਤ ਹੋ ਗਈ ਸੀ। ਸਹੁਰੇ ਦੀ ਪਹਿਲਾਂ ਮੌਤ ਹੋ ਚੁੱਕੀ ਹੈ। ਘਰ ਵਿੱਚ ਉਸ ਦੀ ਸੱਸ ਹੈ, ਜੋ ਬਿਮਾਰ ਰਹਿੰਦੀ ਹੈ। ਕਿਰਨ ਦੇ ਪੇਕਿਆਂ ਤੋਂ ਸੁਭਾਸ਼ ਨੇ ਦੱਸਿਆ ਕਿ ਕਿਰਨ ਪਤੀ ਦੀ ਮੌਤ ਦੇ ਬਾਅਦ ਮਾਨਸਿਕ ਤੌਰ ਉੱਤੇ ਪ੍ਰੇਸ਼ਾਨ ਸੀ।

## ਉਤਸਵ ਮਨਾਉਣ ਆਏ ਲੋਕਾਂ ਉੱਤੇ ਗੋਲੀਬਾਰੀ ਨਾਲ ਇੱਕ ਦੀ ਮੌਤ

ਅਮਰੀਕਾ, 14 ਦਸੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਹਿਊਸਟਨ ਦੇ ਨੇੜੇ ਉਤਸਵ ਮਨਾਉਣ ਲਈ ਆਏ ਲੋਕਾਂ ਉੱਤੇ ਕੱਲ੍ਹ ਰਾਤ ਗੋਲੀਬਾਰੀ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਤੇ 13 ਹੋਰ ਜ਼ਖ਼ਮੀ ਹੋ ਗਏ।



ਹੈਰਿਸ ਕਾਊਂਟੀ ਦੇ ਸ਼ੈਰਿਫ ਐਂਡ ਗੋਂਜਾਲੇਜ ਨੇ ਦੱਸਿਆ ਕਿ ਗੋਲੀਬਾਰੀ ਸ਼ਾਮ ਨੂੰ ਲੱਗਭਗ 6 ਵੱਜ ਕੇ 40 ਮਿੰਟ ਉੱਤੇਉਦੋਂ ਹੋਈ, ਜਦੋਂ ਕਰੀਬ 50 ਲੋਕਾਂ ਦਾ ਇੱਕ ਗਰੁੱਪ ਬੇਟਾਉਨ ਦੇ ਨਾਰਥ ਮਾਰਕਿਟ ਲੂਪ ਨੇੜੇ ਇੱਕ ਉਤਸਵ ਦੇ ਲਈ ਆਇਆ ਸੀ।ਉਨ੍ਹਾਂ ਨੇ ਦੱਸਿਆ ਕਿ ਇਹ ਲੋਕ ਜਸ਼ਨ ਮਨਾ ਰਹੇ ਅਤੇ ਹਵਾ ਵਿੱਚ ਗੁਬਾਰੇ ਛੱਡ ਰਹੇ ਸੀ ਕਿ ਉਥੇ ਇੱਕ ਵਾਹਨ ਪਹੁੰਚਿਆ ਤੇ ਉਸ ਤੋਂ ਭੀੜ ਉੱਤੇ ਗੋਲੀ ਚਲਾਈ ਗਈ। ਜ਼ਖਮੀ ਲੋਕਾਂ ਵਿੱਚੋਂ ਇੱਕ ਨੂੰ ਹੈਲੀਕਾਪਟਰ ਰਾਹੀਂ ਹਸਪਤਾਲ ਲਿਜਾਇਆ ਗਿਆ। ਅਜਿਹਾ ਕਿਹਾ ਜਾ ਰਿਹਾ ਹੈ ਕਿ ਜ਼ਖ਼ਮੀਆਂ ਵਿੱਚ ਇੱਕ ਛੋਟਾ ਬੱਚਾ ਵੀ ਹੈ।

# ਸ੍ਰੀਨਗਰ ਦੇ ਜੇਵਨ ਵਿੱਚ ਪੁਲਸ ਬੱਸ ਉੱਤੇ ਅੱਤਵਾਦੀ ਹਮਲਾ

*** ਤਿੰਨ ਪੁਲਸ ਕਰਮਚਾਰੀ ਮਾਰੇ ਗਏ, 14 ਜ਼ਖ਼ਮੀ**

ਜੰਮੂ, 14 ਦਸੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚ ਅਤਿਵਾਦੀਆਂ ਨੇ ਪੁਲਸ ਫ਼ੋਰਸ ਉੱਤੇ ਕੱਲ੍ਹ ਸ਼ਾਮ ਹਮਲਾ ਕਰ ਦਿੱਤਾ। ਸ਼੍ਰੀਨਗਰ ਦੇ ਜੇਵਨ ਇਲਾਕੇ ਵਿੱਚ ਗੋਲੀਬਾਰੀ ਦੀਆਂ ਆਵਾਜ਼ਾਂ ਸੁਣੀਆਂ ਗਈਆਂ। ਸੂਤਰਾਂ ਮੁਤਾਬਕ ਅੱਤਵਾਦੀਆਂ ਨੇ ਪੁਲਸ ਬੱਸ ਉੱਤੇ ਗੋਲੀਆਂ ਚਲਾਈਆਂ। ਹਮਲੇ ਵਿੱਚ ਤਿੰਨ ਪੁਲਸ ਕਰਮਚਾਰੀਆਂ ਦੇ ਮਾਰੇ ਜਾਣ ਦੀ ਖ਼ਬਰ ਹੈ ਤੇ 14 ਪੁਲਸ ਕਰਮਚਾਰੀ ਜ਼ਖ਼ਮੀ ਹਨ। ਪੁਲਸ ਇਸ ਬਾਰੇ ਕਾਰਵਾਈ ਕਰ ਰਹੀ ਹੈ।






ਇੱਕ ਅਧਿਕਾਰੀ ਦੇ ਮੁਤਾਬਕ ਸ਼੍ਰੀਨਗਰ ਦੇ ਜੇਵਰ ਵਿੱਚ ਪੰਥਾ ਚੌਕ-ਖੋਨਮੋਹ ਰੋਡ ਤੋਂ ਭਾਰਤੀ ਰਿਜ਼ਰਵ ਪੁਲਸ (ਆਈ ਆਰ ਪੀ) ਦੀ 9ਵੀਂ ਬਟਾਲੀਅਨ ਦੀ ਗੱਡੀ ਲੰਘ ਰਹੀ ਸੀ। ਅੱਤਵਾਦੀਆਂ ਨੇ ਉਨ੍ਹਾਂ ਉੱਤੇ ਅੰਨ੍ਹੇਵਾਹ ਗੋਲੀਬਾਰੀ ਸ਼ੁਰੂ ਕਰ ਦਿੱਤੀ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ ਹੈ। ਮਾਰੇ ਜਾਣ ਵਾਲਿਆਂ ਵਿੱਚ ਹਥਿਆਰਬੰਦ ਪੁਲਸ ਦਾ ਇੱਕ ਸਹਾਇਕ ਸਬ ਇੰਸਪੈਕਟਰ ਸ਼ਾਮਲ ਹੈ। ਹਾਲੇ ਤਕ ਹਮਲੇ ਦੀ ਜ਼ਿੰਮੇਵਾਰੀ ਕਿਸੇ ਵੀ ਅੱਤਵਾਦੀ ਸੰਗਠਨ ਨੇ ਨਹੀਂ ਲਈ। ਅਧਿਕਾਰੀਆਂ ਨੇ ਕਿਹਾ ਕਿ ਅਤਿਵਾਦੀਆਂ ਦੀ ਤਲਾਸ਼ ਲਈ ਇਲਾਕੇ ਦੀ ਘੇਰਾਬੰਦੀ ਕਰ ਕੇ ਤਲਾਸ਼ੀ ਲਈ ਜਾ ਰਹੀ ਹੈ। ਦੂਜੇ ਪਾਸੇ ਜੰਮੂ-ਕਸ਼ਮੀਰ ਦੇ ਰੰਗਰੇਠ ਇਲਾਕੇ ਵਿੱਚ ਕੱਲ੍ਹ ਇੱਕ ਮੁਕਾਬਲੇ ਵਿੱਚ ਸੁਰੱਖਿਆ ਬਲਾਂ ਨੇ ਲਸ਼ਕਰ ਦੇ ਦੋ ਅਤਿਵਾਦੀਆਂ ਨੂੰ ਮਾਰ ਸੁੱਟਿਆ। ਇਨ੍ਹਾਂ ਵਿੱਚੋਂ ਇੱਕ ਦਹਿਸ਼ਤਗਰਦ ਵਿਦੇਸ਼ੀ ਸੀ।

## ਤਾਲਿਬਾਨ ਔਰਤਾਂ ਦੀ ਸਿੱਖਿਆ ਅਤੇ ਨੌਕਰੀਆਂ ਲਈ ਸਿਧਾਂਤਕ ਤੌਰ ਉੱਤੇ ਵਚਨਬੱਧ: ਮੁਤਾਕੀ

ਕਾਬੁਲ, 14 ਦਸੰਬਰ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰੀ ਆਮਿਰ ਖ਼ਾਨ ਮੁਤਾਕੀ ਨੇ ਇੱਕ ਮੀਡੀਆ ਇੰਟਰਵਿਊ ਵਿੱਚ ਕਿਹਾ ਕਿ ਅਫ਼ਗਾਨਿਸਤਾਨ ਦੇ ਨਵੇਂ ਹਾਕਮ ਤਾਲਿਬਾਨ, ਔਰਤਾਂ ਅਤੇ ਕੁੜੀਆਂ ਦੀ ਸਿੱਖਿਆ ਅਤੇ ਨੌਕਰੀਆਂ ਲਈ ਸਿਧਾਂਤਕ ਤੌਰ ਉੱਤੇ ਵਚਨਬੱਧ ਹਨ। ਇਸਦੇ ਨਾਲ ਉਨ੍ਹਾਂ ਨੇ ਦੁਨੀਆ ਨੂੰ ਅਪੀਲ ਕੀਤੀ ਕਿ ਉਹ ਲੋੜ ਦੀ ਇਸ ਘੜੀ ਵਿੱਚ ਦੇਸ਼ ਦੇ ਕਰੋੜਾਂ ਲੋਕਾਂ ਦੀ ਮੱਦਦ ਕਰਨ ਲਈ ਹਮਦਰਦੀ ਦਿਖਾਉਣ।



ਮੁਤਾਕੀ ਨੇ ਇੱਕ ਇੰਟਰਵਿਊ ਵਿੱਚ ਕਿਹਾ ਕਿ ਤਾਲਿਬਾਨ ਸਰਕਾਰ ਸਾਰੇ ਦੇਸ਼ਾਂ ਨਾਲ ਚੰਗੇ ਸਬੰਧ ਚਾਹੁੰਦੀ ਹੈ ਅਤੇ ਉਸ ਨੂੰ ਅਮਰੀਕਾ ਤੋਂ ਕੋਈ ਸਮੱਸਿਆ ਨਹੀਂ। ਉਸ ਨੇ ਅਮਰੀਕਾ ਅਤੇ ਹੋਰ ਦੇਸ਼ਾਂ ਨੂੰ 10 ਅਰਬ ਡਾਲਰ ਦੀ ਉਹ ਰਾਸ਼ੀ ਜਾਰੀ ਕਰਨ ਦੀ ਅਪੀਲ ਕੀਤੀ, ਜਿਸ ਉੱਤੇ 15 ਅਗਸਤ ਨੂੰ ਤਾਲਿਬਾਨ ਵੱਲੋਂ ਅਫ਼ਗਾਨਿਸਤਾਨ ਉੱਤੇ ਕਬਜ਼ਾ ਕਰਨ ਤੋਂ ਬਾਅਦ ਦੇਸ਼ ਵਿੱਚ ਤੇਜ਼ੀ ਨਾਲ ਮਿਲਟਰੀ ਹਮਲੇ ਵਧਣ ਤੇ ਅਮਰੀਕਾ ਸਮਰਥਕ ਰਾਸ਼ਟਰਪਤੀ ਅਸ਼ਰਫ਼ ਗਨੀ ਦੇ ਅਚਾਨਕ ਗੁਪਤ ਢੰਗ ਨਾਲ ਦੇਸ਼ ਛੱਡਣ ਪਿੱਛੋਂ ਪਾਬੰਦੀ ਲਾਈ ਗਈ ਸੀ।ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਪੀਲੀਆਂ-ਇੱਟਾਂ ਨਾਲ ਬਣੇ ਵਿਦੇਸ਼ ਮੰਤਰਾਲੇ ਦੀ ਇਮਾਰਤ ਵਿੱਚ ਸਥਾਨਕ ਭਾਸ਼ਾ ਪਸ਼ਤੋ ਵਿੱਚ ਗੱਲ ਕਰਦੇ ਹੋਏ ਮੁਤਾਕੀ ਨੇ ਕਿਹਾ ਕਿ ਅਫ਼ਗਾਨਿਸਤਾਨ ਨੂੰ ਅਸਥਿਰ ਕਰਨਾ ਅਤੇ ਅਫ਼ਗਾਨਿਸਤਾਨ ਦੀ ਸਰਕਾਰ ਨੂੰ ਕਮਜ਼ੋਰ ਕਰਨਾ ਕਿਸੇ ਦੇ ਵੀ ਹੱਕ ਵਿੱਚ ਨਹੀਂ ਹੈ। ਮੁਤਾਕੀ ਨੇ ਤਾਲਿਬਾਨ ਵੱਲੋਂ ਕੁੜੀਆਂ ਦੀ ਸਿੱਖਿਆ ਤੇ ਔਰਤਾਂ ਉੱਤੇ ਲਾਈਆਂ ਪਾਬੰਦੀਆਂ ਉੱਤੇ ਦੁਨੀਆ ਦੇ ਗੁੱਸੇ ਨੂੰ ਸਵੀਕਾਰ ਕੀਤਾ ਹੈ। ਵਰਨਣ ਯੋਗ ਹੈ ਕਿ ਅਫ਼ਗਾਨਿਸਤਾਨ ਦੇ ਕਈ ਹਿੱਸਿਆਂ ਵਿੱਚ ਤਾਲਿਬਾਨ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਸੱਤਵੀਂ ਤੋਂ 12ਵੀਂ ਜਮਾਤ ਦੀਆਂ ਹਾਈ ਸਕੂਲ ਦੀਆਂ ਕੁੜੀਆਂ ਨੂੰ ਸਕੂਲ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਅਤੇ ਕਈ ਮਹਿਲਾ ਸਿਵਲ ਕਰਮਚਾਰੀਆਂ ਨੂੰ ਘਰ ਵਿੱਚ ਰਹਿਣ ਦਾ ਆਦੇਸ਼ ਦਿੱਤਾ ਗਿਆ ਹੈ।

ਤਾਲਿਬਾਨ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਸਲਾਮ ਦੀ ਗੰਭੀਰ ਵਿਆਖਿਆ ਮੁਤਾਬਕ ਸਕੂਲਾਂ ਅਤੇ ਕਾਰਜ ਸਥਾਨਾਂ ਵਿੱਚ ਮਰਦਾਂ ਅਤੇ ਔਰਤਾਂ ਲਈ ਵੱਖਰੇ ਪ੍ਰਬੰਧ ਕਰਨ ਲਈ ਸਮੇਂ ਦੀ ਲੋੜ ਹੈ।ਉਨ੍ਹਾਂ ਦਸਿਆ ਕਿ ਸਿਹਤ ਖੇਤਰ ਵਿੱਚ ਪਹਿਲਾਂ ਕੰਮ ਕਰ ਚੁੱਕੀਆਂ ਸਾਰੀਆਂ ਔਰਤਾਂ ਕੰਮ ਉੱਤੇ ਪਰਤ ਆਈਆਂ ਹਨ। ਉਨ੍ਹਾਂ ਕਿਹਾ ਕਿ ਇਹ ਔਰਤਾਂ ਦੀ ਭਾਗੀਦਾਰੀ ਦੇ ਸਿਧਾਂਤ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਵਿਦੇਸ਼ ਮੰਤਰੀ ਦਾ ਦਾਅਵਾ ਹੈ ਕਿ ਤਾਲਿਬਾਨ ਨੇ ਆਪਣੇ ਵਿਰੋਧੀਆਂ ਨੂੰ ਨਿਸ਼ਾਨਾ ਨਹੀਂ ਬਣਾਇਆ, ਸਗੋਂ ਆਮ ਮੁਆਫ਼ੀ ਦਾ ਐਲਾਨ ਕੀਤਾ ਅਤੇ ਕੁਝ ਸੁਰੱਖਿਆ ਵੀ ਪ੍ਰਦਾਨ ਕੀਤੀ। ਸਾਬਕਾ ਸਰਕਾਰ ਦੇ ਆਗੂ ਬਿਨਾਂ ਕਿਸੇ ਡਰ ਦੇ ਕਾਬੁਲ ਵਿੱਚ ਰਹਿ ਰਹੇ ਹਨ।

## ਬਾਰ ਵਿੱਚੋਂ17 ਡਾਂਸਰਾਂ ਵਾਲਾ ਸੀਕ੍ਰੇਟ ਤਹਿਖਾਨਾ ਮਿਲਿਆ

*** ਤਹਿਖਾਨੇ ਵਿੱਚ ਲੱਗੇ ਸਨ ਆਟੋਮੈਟਿਕ ਡੋਰ, ਏ ਸੀ ਅਤੇ ਬਿਸਤਰੇ**

ਮੁੰਬਈ, 14 ਦਸੰਬਰ (ਪੋਸਟ ਬਿਊਰੋ)- ਇੱਥੋਂ ਦੇ ਅੰਧੇਰੀ ਇਲਾਕੇ ਵਿੱਚ ਦੀਪਾ ਬਾਰ ਵਿੱਚ ਇੱਕ ਸੀਕ੍ਰੇਟ ਤਹਿਖ਼ਾਨੇ ਦਾ ਪਤਾ ਲੱਗਾ ਹੈ। ਇਸ ਵਿੱਚ 17 ਡਾਂਸਰਾਂ ਨੂੰ ਤੂੜ ਕੇ ਲੁਕਾਇਆ ਗਿਆ ਸੀ। ਇਨ੍ਹਾਂ ਵਿੱਚੋਂ ਕਈਆਂ ਦੀ ਉਮਰ ਬਹੁਤ ਘੱਟ ਹੈ। ਜਿਸ ਤਹਿਖ਼ਾਨੇ ਦਾ ਪਤਾ ਪੁਲਸ ਨੂੰ ਲੱਗਾ ਹੈ, ਉਸ ਵਿੱਚ ਖੜ੍ਹਾ ਹੋ ਸਕਣਾ ਵੀ ਮੁਸ਼ਕਲ ਸੀ।



ਤਕਰਬੀਨ 15 ਘੰਟੇ ਤੋਂ ਵੱਧ ਦੀ ਕਾਰਵਾਈ ਪਿੱਛੋਂ ਮੁੰਬਈ ਪੁਲਸ ਦੀ ਸੋਸ਼ਲ ਸਰਵਿਸ ਬ੍ਰਾਂਚ ਦੀ ਟੀਮ ਨੇ ਇਸ ਗੁਪਤ ਤਹਿਖ਼ਾਨੇ ਦਾ ਰਾਜ ਖੋਲ੍ਹਿਆ ਹੈ। ਖਾਸ ਗੱਲ ਇਹ ਕਿ ਇਸ ਤਹਿਖ਼ਾਨੇ ਦੇ ਅੰਦਰ ਜਾਣ ਦਾ ਰਸਤਾ ਮੇਕਅਪ ਰੂਮ ਦੀ ਕੰਧ ਵਿੱਚ ਲੱਗੇ ਸ਼ੀਸ਼ੇ ਦੇ ਪਿੱਛੋਂ ਜਾਂਦਾ ਸੀ। ਇਸ ਵਿੱਚ ਆਟੋਮੈਟਿਕ ਇਲੈਕਟ੍ਰਿਕ ਡੋਰ ਲੱਗੇ ਸਨ। ਤਹਿਖ਼ਾਨੇ ਅੰਦਰ ਇੱਕ ਏ ਸੀ ਲੱਗਾ ਸੀ। ਉਸ ਅੰਦਰ ਬਿਸਤਰੇ ਵੀ ਲੱਗੇ ਸਨ। ਸੋਸ਼ਲ ਸਰਵਿਸ ਬ੍ਰਾਂਚ ਦੇ ਡੀ ਸੀ ਪੀ ਰਾਜੂ ਭੁਜਬਲ ਨੇ ਦੱਸਿਆ ਕਿ ਮੁੰਬਈ ਦੀ ਐਨ ਜੀ ਓ 'ਕਵਚ' ਦੀ ਸ਼ਿਕਾਇਤ ਉੱਤੇ ਇਹ ਕਾਰਵਾਈ ਕੀਤੀ ਗਈ ਹੈ।

15 ਘੰਟੇ ਦੀ ਕਾਰਵਾਈ ਤੋਂ ਬਾਅਦ 17 ਡਾਂਸਰਾਂ ਨੂੰ ਮੁਕਤ ਕਰਵਾਇਆ ਗਿਆ ਅਤੇ ਬਾਰ ਦੇ ਮੈਨੇਜਰ, ਕੈਸ਼ੀਅਰ ਸਮੇਤ ਸਟਾਫ ਦੇ ਤਿੰਨ ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁੰਬਈ ਵਿੱਚ ਕੋਵਿਡ-19 ਪ੍ਰੋਟੋਕਾਲ ਦੇ ਤਹਿਤ ਸਾਰੇ ਡਾਂਸ ਬਾਰਾਂ ਨੂੰ ਅਗਲੇ ਹੁਕਮਾਂ ਤਕ ਬੰਦ ਰੱਖਣ ਲਈ ਕਿਹਾ ਗਿਆ ਸੀ। ਇਸ ਦੇ ਬਾਵਜੂਦ ਇਹ ਧੜੱਲੇ ਨਾਲ ਚੱਲ ਰਿਹਾ ਸੀ। ਪੁਲਸ ਦੀ ਰੇਡ ਤੋਂ ਬਚਣ ਲਈ ਅਜਿਹਾ ਤਹਿਖ਼ਾਨਾ ਬਣਾਇਆ ਗਿਆ ਸੀ। ਸੂਤਰਾਂ ਦੀ ਮੰਨੀਏ ਤਾਂ ਇਹ ਬਾਰ ਉਦੋਂ ਵੀ ਚੱਲ ਰਿਹਾ ਸੀ, ਜਦੋਂ ਦੇਸ਼ ਵਿੱਚ ਕੋਰੋਨਾ ਦੀਆਂ ਪਾਬੰਦੀਆਂ ਲੱਗੀਆਂ ਹੋਈਆਂ ਸਨ।

## ਵੈਕਸੀਨੇਸ਼ਨ ਸਰਟੀਫਿਕੇਟਾਂ ਉਤੇ ਮੋਦੀ ਦੀ ਫੋਟੋ ਖਿਲਾਫ ਅਰਜ਼ੀ ਉਤੇ ਸੁਣਵਾਈ

ਕੋਚੀ, 14 ਦਸੰਬਰ (ਪੋਸਟ ਬਿਊਰੋ)- ਕੋਵਿਡ-19 ਵੈਕਸੀਨੇਸ਼ਨ ਸਰਟੀਫਿਕੇਟਾਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਸਵੀਰ ਹਟਾਉਣ ਦੀ ਮੰਗ ਕਰਦੀ ਅਰਜ਼ੀ ਉੱਤੇ ਕੇਰਲਾ ਹਾਈ ਕੋਰਟ ਨੇ ਪਟੀਸ਼ਨਰ ਨੂੰ ਸਵਾਲ ਕੀਤਾ ਹੈ ਕਿ ਕੀ ਉਹ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਨਾਲ ਸ਼ਰਮਿੰਦਾ ਹਨ।

ਜਸਟਿਸ ਪੀ ਵੀ ਕੁਨਹੀਕ੍ਰਿਸ਼ਨਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਦੇਸ਼ ਦੇ ਲੋਕਾਂ ਨੇ ਚੁਣ ਕੇ ਸੱਤਾ ਸੌਂਪੀ ਹੈ ਅਤੇ ਉਨ੍ਹਾਂ ਦੀ ਤਸਵੀਰ ਵੈਕਸੀਨੇਸ਼ਨ ਸਰਟੀਫਿਕੇਟ ਉੱਤੇ ਹੋਣ ਨਾਲ ਕੀ ਗਲਤ ਹੁੰਦਾ ਹੈ। ਪਟੀਸ਼ਨਰ ਦੇ ਵਕੀਲ ਨੇ ਅਦਾਲਤ ਨੂੰ ਜਦੋਂ ਦੱਸਿਆ ਕਿ ਹੋਰ ਦੇਸ਼ਾਂ ਵਿੱਚ ਅਜਿਹੀ ਕੋਈ ਰਿਵਾਇਤ ਨਹੀਂ ਤਾਂ ਜੱਜ ਨੇ ਕਿਹਾ, 'ਹੋ ਸਕਦਾ ਹੈ ਕਿ ਉਨ੍ਹਾਂ ਨੂੰ ਆਪਣੇ ਪ੍ਰਧਾਨ ਮੰਤਰੀ ਉੱਤੇ ਮਾਣ ਨਾ ਹੋਵੇ, ਪਰ ਸਾਨੂੰ ਆਪਣੇ ਪ੍ਰਧਾਨ ਮੰਤਰੀ ਉੱਤੇ ਪੂਰਾ ਮਾਣ ਹੈ। ਕੀ ਤੁਹਾਨੂੰ ਇਨ੍ਹਾਂ ਦੇ ਪ੍ਰਧਾਨ ਮੰਤਰੀ ਹੋਣ ਉੱਤੇ ਸ਼ਰਮ ਆਉਂਦੀ ਹੈ? ਉਹ ਲੋਕਾਂ ਦੇ ਫਤਵੇ ਨਾਲ ਸੱਤਾ ਵਿੱਚ ਆਏ ਹਨ। ਸਿਆਸੀ ਵਿਚਾਰ ਸਾਡੇ ਵੱਖਰੇ ਵੀ ਹੋਣ ਤਾਂ ਉਹ ਅੱਜ ਸਾਡੇ ਪ੍ਰਧਾਨ ਮੰਤਰੀ ਹਨ।''ਪਟੀਸ਼ਨਰ ਪੀਟਰ ਮਿਆਲੀਪਰਮਪਿਲ ਨੇ ਕਿਹਾ ਕਿ ਸਰਟੀਫਿਕੇਟ ਉੱਤੇ ਵਿਅਕਤੀ ਦਾ ਨਿੱਜੀ ਰਿਕਾਰਡ ਦਰਜ ਹੈ ਅਤੇ ਇਸ ਨਾਲ ਕਿਸੇ ਵਿਅਕਤੀ ਦੀ ਨਿੱਜਤਾ ਵਿੱਚ ਦਖਲ ਦੇਣਾ ਠੀਕ ਨਹੀਂ। ਇਸ ਉੱਤੇ ਅਦਾਲਤ ਨੇ ਕਿਹਾ ਕਿ ਦੇਸ਼ ਦੇ 100 ਕਰੋੜ ਤੋਂ ਵੱਧ ਲੋਕਾਂ ਨੂੰ ਵੈਕਸੀਨ ਸਰਟੀਫਿਕੇਟ ਉੱਤੇ ਪ੍ਰਧਾਨ ਮੰਤਰੀ ਦੀ ਫੋਟੋ ਨਾਲ ਕੋਈ ਸਮੱਸਿਆ ਨਹੀਂ ਤਾਂ ਤੁਹਾਨੂੰ ਕੀ ਮੁਸ਼ਕਲ ਹੈ। ਜੱਜ ਨੇ ਕਿਹਾ ਕਿ ਉਹ ਅਰਜ਼ੀ ਦੀ ਯੋਗਤਾ ਬਾਰੇ ਪੜਤਾਲ ਕਰਨਗੇ ਅਤੇ ਜੇ ਇਹ ਠੀਕ ਨਾ ਹੋਈ ਤਾਂ ਮਾਮਲੇ ਨੂੰ ਰੱਦ ਕਰ ਦਿੱਤਾ ਜਾਵੇਗਾ।

## ਓ ਬੀ ਸੀ ਰਾਖਵਾਂਕਰਨ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਦੀ ਉਲੰਘਣਾ ਦਾ ਨੋਟਿਸ

ਨਵੀਂ ਦਿੱਲੀ, 14 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਮਹਾਰਾਸ਼ਟਰ ਵਿੱਚ ਪੰਚਾਇਤ ਸਮਿਤੀ ਦੇ ਪ੍ਰਧਾਨ ਦਾ ਅਹੁਦਾ ਹੋਰ ਪੱਛੜੇ ਵਰਗਾਂ (ਓ ਬੀ ਸੀ) ਲਈ ਰਾਖਵਾਂ ਰੱਖਣ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਇਹ ਉਨ੍ਹਾਂ ਵੱਲੋਂ ਸਾਲ ਦੇ ਸ਼ੁਰੂ ਵਿੱਚ ਸੁਣਾਏ ਗਏ ਫੈਸਲੇ ਨੂੰ ਉਲੰਘਣ ਦੀ ਕੋਸ਼ਿਸ਼ ਹੈ। ਜਸਟਿਸ ਏ ਐਮ ਖਾਨਵਿਲਕਰ ਅਤੇ ਜਸਟਿਸ ਸੀ ਟੀ ਰਵੀਕੁਮਾਰ ਦੇ ਬੈਂਚ ਨੇ ਕਿਹਾ, ''ਸਾਨੂੰ ਦਖਲ ਦੇਣਾ ਪੈ ਰਿਹਾ ਹੈ। ਇਹ ਸੁਪਰੀਮ ਕੋਰਟ ਦੇ ਫੈਸਲੇ ਨੂੰ ਉਲੰਘਣ ਦੀ ਕੋਸ਼ਿਸ਼ ਹੈ।'' ਬੈਂਚ ਨੇ ਸਬੰਧਤ ਕੁਲੈਕਟਰ ਨੂੰ ਨੋਟਿਸ ਜਾਰੀ ਕਰ ਕੇ ਕਿਹਾ ਕਿ ਉਸ ਨੇ ਸਪੱਸ਼ਟ ਫੈਸਲੇ ਮਗਰੋਂ ਵੀ ਪੰਚਾਇਤ ਸਮਿਤੀ ਦਾ ਅਹੁਦਾ ਓ ਬੀ ਸੀ ਲਈ ਰਾਖਵਾਂ ਕਰਨ ਦਾ ਅਮਲ ਸ਼ੁਰੂ ਕਰਨ ਉੱਤੇ ਢੁਕਵੀਂ ਕਾਰਵਾਈ ਕਿਉਂ ਨਾ ਕੀਤੀ। ਬੈਂਚ ਨੇ ਮਹਾਰਾਸ਼ਟਰ ਸਮੇਤ ਹੋਰ ਧਿਰਾਂ ਨੂੰ ਨੋਟਿਸ ਜਾਰੀ ਕਰਦਿਆਂ ਕੇਸ ਦੀ ਸੁਣਵਾਈ ਛੇ ਜਨਵਰੀ ਲਈ ਮਿਥੀ ਹੈ। ਸੁਪਰੀਮ ਕੋਰਟ ਨੇ ਕਿਹਾ ਕਿ ਪੰਚਾਇਤ ਸਮਿਤੀ ਦਾ ਪ੍ਰਧਾਨ ਗ੍ਰਾਮ ਪੰਚਾਇਤ ਨਾਲ ਸਬੰਧਤ ਕੋਈ ਨੀਤੀਗਤ ਫੈਸਲੇ ਨਹੀਂ ਲਵੇਗਾ।ਪਟੀਸ਼ਨਰ ਵੱਲੋਂ ਪੇਸ਼ ਵਕੀਲ ਨੇ ਸੁਪਰੀਮ ਕੋਰਟ ਦੇ ਪਹਿਲਾਂ ਸੁਣਾਏ ਹੁਕਮਾਂ ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਪ੍ਰਧਾਨ ਦਾ ਅਹੁਦਾ ਓ ਬੀ ਸੀ ਵਰਗ ਲਈ ਰਾਖਵਾਂ ਨਹੀਂ ਰੱਖਿਆ ਜਾ ਸਕਦਾ। ਬੈਂਚ ਨੇ ਕਿਹਾ ਕਿ ਜੇ ਸੁਪਰੀਮ ਕੋਰਟ ਵੱਲੋਂ ਸੁਣਾਏ ਗਏ ਹੁਕਮਾਂ ਮਗਰੋਂ ਵੀ ਅਜਿਹੇ ਫੈਸਲੇ ਲਏ ਜਾ ਰਹੇ ਹਨ ਤਾਂ ਫਿਰ ਉਨ੍ਹਾਂ ਨੂੰ ਮਾਣਹਾਨੀ ਦਾ ਨੋਟਿਸ ਜਾਰੀ ਕਰਨਾ ਪਵੇਗਾ।

## ਬਾਲਟਿਕ ਸਾਗਰ ਵਿੱਚ ਦੋ ਜਹਾਜ਼ ਟਕਰਾਏ, ਇੱਕ ਵਿਅਕਤੀ ਦੀ ਮੌਤ

ਸਟਾਕਹੋਮ, 14 ਦਸੰਬਰ (ਪੋਸਟ ਬਿਊਰੋ)- ਬਾਲਟਿਕ ਸਾਗਰ ਵਿੱਚ ਡੇਨਿਸ਼ ਆਈਲੈਂਡ ਦੇ ਬੋਰਨਹੋਮ ਅਤੇ ਦੱਖਣੀ ਸਵੀਡਿਸ਼ ਸ਼ਹਿਰ ਯਸਤਾਦ ਦੇ ਨੇੜੇ ਦੋ ਜਹਾਜ਼ਾਂ ਵਿੱਚ ਕੱਲ੍ਹ ਸਵੇਰੇ 3.30 ਵਜੇ ਧੁੰਦ ਕਾਰਨ ਟੱਕਰ ਹੋ ਗਈ। ਟੱਕਰ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦਕਿ ਦੋ ਵਿਅਕਤੀ ਲਾਪਤਾ ਹਨ, ਜਿਨ੍ਹਾਂ ਨੂੰ ਲੱਭਣ ਲਈ ਰੈਸਕਿਊ ਆਪ੍ਰੇਸ਼ਨ ਚਲ ਰਿਹਾ ਹੈ। ਇੱਕ ਜਹਾਜ਼ ਡੈਨਮਾਰਕ ਤੇ ਦੂਸਰਾ ਬ੍ਰਿਟੇਨ ਵਿੱਚ ਰਜਿਸਟਰਡ ਹੈ। ਸਵੀਡਿਸ਼ ਮੈਰੀਟਾਈਮ ਐਡਮਿਨੀਸਟ੍ਰੇਸ਼ਨ ਨੇ ਦੱਸਿਆ ਕਿ ਡੈਨਮਾਰਕ ਵਿੱਚ ਰਜਿਸਟਰਡ 55 ਮੀਟਰ ਲੰਬਾ ਜਹਾਜ਼ ਕਿਰਨ ਹੋਜ ਪੁੱਠਾ ਹੋ ਗਿਆ। ਘਟਨਾ ਸਵੀਡਿਸ਼ ਸਮੁੰਦਰ ਵਿੱਚ ਹੋਈ ਅਤੇ ਡੈਨਮਾਰਕ ਨੇ ਸਵੀਡਿਸ਼ ਅਧਿਕਾਰੀਆਂ ਦੀ ਬਚਾਅ ਕਾਰਜ ਵਿੱਚ ਮਦਦ ਕੀਤੀ। ਘਟਨਾ ਹੋਣ ਦੇ ਪੰਜ ਘੰਟੇ ਤੋਂ ਜ਼ਿਆਦਾ ਸਮੇਂ ਤਕ ਡੈਨਮਾਰਕ ਦਾ ਜਹਾਜ਼ ਕਿਰਨ ਹੋਜ ਮਲਬੇ ਨਾਲ ਲਿਬੜਿਆ ਸੀ।

ਸ਼ਹੀਦੀ ਸਮਾਗਮ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ
ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸ਼ਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਮਾਛੀਵਾੜੇ ਸਾਹਿਬ ਦੀ ਧਰਤੀ 'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਅਤੇ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਵੀਰਵਾਰ ਨੂੰ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਸ਼ਨੀਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤ ਤਿੰਨ ਦਿਨ ਗੁਰੂ ਘਰ ਦੀਆਂ ਹੁੰਮ ਹੁਮਾ ਕੇ ਪਹੁੰਚਣ ਦੀ ਕਿਰਪਾਲਤਾ ਕਰੋ!

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887 ਸਤਪਾਲ ਸਿੰਘ ਗਰੇਵਾਲ ਨੂੰ 519-405-0075 , ਜਸਵੰਤ ਸਿੰਘ ਰਜ਼ੂਲ 647-856-9612 ਜਾਂ ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰ 647-400-9991 ਨੂੰ ਸੰਪਰਕ ਕਰੋ ਜੀ।

# ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- Collection Calls
- Personal Taxes
- GST/HST

- Credit Card Debts
- Personal Loans
- Pay Day Loans
- Student Loans

- Wage Garnishment
- Writ on your property
- Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- Save your Assets
- Avoid Bankruptcy
- Small monthly payments
- Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com

RE/MAX Realty Specialist Inc., Brokerage (Independently Owned and Operated)
Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ




ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੁਮ ਅਤੇ 4 ਵਾਸ਼ਰੁਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨੀਂਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।




Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777




24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੇਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017